ਹਾਸ-ਵਿਅੰਗ

ਮਰਵਾਇਆ ਪ੍ਰਕਾਸ਼ਿਤ ਹੋਣ ਦੇ ਸ਼ੌਕ ਨੇ ...

ਅਸੀਂ ਲੇਖਕ ਬਣਦੇ- ਬਣਦੇ ਬਚੇ

ਸਮਾਜ ਵਿਚ ਰਹਿ ਕੇ ਸਮਾਜ ਤੋਂ ਕੁਝ ਵੱਖਰਾ ਕਰਨ ਦੀ ਇੱਛਾ ਤਾਂ ਮੇਰੇ ਮਨ-ਦਿਲੋ-ਦਿਮਾਗ ਵਿਚ ਬਚਪਨ ਤੋਂ ਹੀ ਰਹੀ ਹੈ, ਪਰ ਜਨਮ ਤੋਂ ਹੀ ਮੇਰਾ ਭਗਵਾਨ 'ਤੇ ਵੀ ਸਭ ਤੋਂ ਵੱਡਾ ਰੋਸ ਇਹੀ ਰਿਹਾ ਕਿ ਮੇਰਾ ਜਨਮ 1947 ਈਸਵੀ ਵਿੱਚ ਹੋਇਆ, ਜਦੋਂ ਦੇਸ਼ ਆਜ਼ਾਦ ਹੋ ਚੁੱਕਾ ਸੀ, ਆਜ਼ਾਦੀ ਮਿਲ ਚੁੱਕੀ ਸੀ, ਨਹੀਂ ਤਾਂ ਮੈਂ ਦੇਸ਼ ਲਈ ਕੁੱਝ ਕਰ ਸਕਦਾ ਸੀ। ਜੇਕਰ ਮੈਨੂੰ ਰੱਬ ਦਸ-ਵੀਹ-ਤੀਹ ਜਾਂ ਚਾਲੀ ਸਾਲ ਪਹਿਲਾਂ ਇਥੇ ਭੇਜ ਦਿੰਦਾ ਤਾਂ ਉਸਦਾ ਕੀ ਜਾਂਦਾ? ਪਰ, ਮੈਨੂੰ ਜ਼ਰੂਰ ਦੇਸ਼ ਦੀ ਸੇਵਾ ਕਰਨ ਦਾ ਜਾਂ ਦੇਸ਼ ਲਈ ਮਰ-ਮਿਟਣ ਦਾ ਮੌਕਾ ਮਿਲ ਜਾਂਦਾ - ਹਥਿਆਰ ਨਾਲ ਜਾਂ ਕਲਮ ਨਾਲ। ਮੈਂ ਬਚਪਨ ਤੋਂ ਹੀ ਸਭ ਤੋਂ ਅਲੱਗ ਦਿਖਾਈ ਦੇਣ ਵਾਲੇ ਅਤੇ ਅਲੱਗ ਤਰ੍ਹਾਂ ਦੇ ਕੰਮ ਕਰਦੇ ਰਹਿਣ ਵਾਲਾ ਹਾਂ, ਅਤੇ ਇਸੇ ਕਰਕੇ ਮੇਰੇ ਮਾਪਿਆਂ ਨੇ ਵੀ ਮੇਰਾ ਨਾਮ ਵੀ ਅਲੱਗ ਜਿਹਾ ਰੱਖਿਆ - ਵਿਲੱਖਣ ਸਿੰਘ, ਭਾਵ ਸਭ ਤੋਂ ਅਲੱਗ, ਵਿਲੱਖਣ! ਜੇ ਕਿਤੇ ਮੈਂ ਯੂ.ਪੀ ਜਾਂ ਬਿਹਾਰ ਵਿਚ ਜੰਮਦਾ ਫਿਰ ਮੇਰਾ ਨਾਮ ਹੋਣਾ ਸੀ - ਅਨੁਪਮ ਕੁਮਾਰ! ਪਰ, 1947 ਤੋਂ ਪਹਿਲਾਂ ਜਨਮ ਨਾ ਲੈ ਸਕਣ ਦੀ ਚੀਸ ਸਾਰੀ ਉਮਰ ਮੈਨੂੰ ਸਤਾਉਂਦੀ ਰਹੇਗੀ।

ਮੈਂ ਗਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ, ਸਨਾਤਕ ਭਾਵ ਗਰੈਜੂਏਟ ਬਣਿਆ, ਅਤੇ ਫਿਰ ਇਕ ਹੋਰ ਕਾਲਜ ਵਿਚ ਦਾਖ਼ਲਾ ਲੈ ਕੇ ਸਨਾਤਨੋਤਰ ਭਾਵ ਪੋਸਟ-ਗਰੈਜੂਏਸ਼ਨ ਵੀ ਕਰ ਲਈ, ਅਤੇ ਇਸ ਤਰ੍ਹਾਂ ਮੈਂ ਵਿਲੱਖਣ ਸਿੰਘ ਤੋਂ ਵਿਲੱਖਣ ਸਿੰਘ ਐਮ.ਏ. ਬਣ ਗਿਆ। ਲਿਖਣ ਦਾ ਸ਼ੌਂਕ ਤਾਂ ਮੈਨੂੰ ਬਚਪਨ ਤੋਂ ਹੀ ਸੀ ਅਤੇ ਮੈਂ ਫਿਰ ਕਵਿਤਾਵਾਂ ਲਿਖਣੀਆਂ ਆਰੰਭ ਕਰ ਦਿੱਤੀਆਂ। ਸੰਪਾਦਕ ਸਾਹਿਬ ਮੇਰੀਆਂ ਕਵਿਤਾਵਾਂ ਪੜ੍ਹ ਕੇ ਵਾਪਸ ਭੇਜਣ ਲੱਗੇ। ਮੈਨੂੰ ਲੱਗਾ ਕਿ ਸ਼ਾਇਦ ਮੇਰੀਆਂ ਕਵਿਤਾਵਾਂ ਦਾ ਪੱਧਰ ਸੰਪਾਦਕਾਂ ਦੀ ਸਮਝ ਤੋਂ ਉੱਚਾ ਹੈ, ਅਤੇ ਇਹ ਸ਼ਾਇਰੀ ਇਨ੍ਹਾਂ ਦੀ ਸਮਝ ਤੋਂ ਬਾਹਰ ਹੈ। ਮੈਂ ਖ਼ੁਸ਼ ਹੋ ਕੇ ਇਸ ਉਮੀਦ ਨਾਲ ਹੋਰ-2 ਕਵਿਤਾਵਾਂ ਭੇਜੀਆਂ ਕਿ ਸ਼ਾਇਦ ਕਦੇ ਤਾਂ ਇਨ੍ਹਾਂ ਨੂੰ ਉੱਚ ਪੱਧਰ ਦੇ ਸਾਹਿਤ ਦੀ ਸਮਝ ਆ ਜਾਵੇਗੀ। ਕਦੀ ਡਾਕ ਰਾਹੀਂ ਅਤੇ ਕਦੀ ਈ-ਮੇਲ ਰਾਹੀਂ! ਜਦ ਫਿਰ ਵੀ ਵਾਪਸੀ ਕਦੇ ਡਾਕ ਅਤੇ ਕਦੇ ਈ.ਮੇਲ ਰਾਹੀਂ ਮੈਨੂੰ ਮੇਰੀਆਂ ਰਚਨਾਵਾਂ ਵਾਪਸ ਮਿਲਦੀਆਂ ਰਹੀਆਂ ਤਾਂ ਮੈਂ ਆਖ਼ਰਕਾਰ ਇਹ ਲਿਖ ਕੇ ਰਚਨਾਵਾਂ ਭੇਜੀਆਂ ਕਿ ਪਾਠਕਾਂ ਦੇ ਸਾਹਮਣੇ ਉੱਚ ਦਰਜੇ ਦਾ ਸਾਹਿਤ ਵੀ ਪੇਸ਼ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਲਈ ਮੇਰੀਆਂ ਰਚਨਾਵਾਂ ਨੂੰ ਵੀ ਥਾਂ ਦਿੱਤੀ ਜਾਵੇ। ਜਦੋਂ ਕੋਈ ਜਵਾਬ ਨਾ ਆਇਆ ਤਾਂ ਮੈਂ ਸੌਖੀ ਭਾਸ਼ਾ ਵਿਚ ਕਵਿਤਾਵਾਂ ਭੇਜ ਦਿੱਤੀਆਂ, ਪਰ ਫਿਰ ਵੀ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਆਖ਼ਰ ਮੈਂ ਸੰਪਾਦਕ ਸਾਹਿਬ ਨੂੰ ਨਿੱਜੀ ਖ਼ਤ ਲਿਖ ਕੇ ਪੁੱਛਿਆ ਤਾਂ ਮੈਨੂੰ ਜਵਾਬ ਮਿਲਿਆ, "ਤੁਸੀਂ ਸਮਝਦੇ ਹੋ ਕਿ ਤੁਹਾਡੀਆਂ ਕਵਿਤਾਵਾਂ ਉੱਚੇ ਪੱਧਰ ਦੀਆਂ ਹਨ, ਪਰ ਇਹ ਤੁਹਾਡਾ ਭੁਲੇਖਾ ਹੀ ਹੈ। ਤੁਹਾਨੂੰ ਤਾਂ ਪਹਿਲਾਂ ਇਹ ਸਿੱਖਣਾ ਪਵੇਗਾ, ਕਿ ਕਵਿਤਾਵਾਂ ਅਤੇ ਚੁਟਕਲਿਆਂ ਵਿਚ ਕੋਈ ਫ਼ਰਕ ਹੁੰਦਾ ਹੈ ਅਤੇ ਚੁਟਕਲਿਆਂ ਨੂੰ ਚੁਟਕਲੇ ਛਾਪਣ ਵਾਲੀਆਂ ਬਾਲ-ਪੱਤ੍ਰਿਕਾਵਾਂ ਵਿੱਚ ਭੇਜਿਆ ਜਾਂਦਾ ਹੈ ਅਤੇ ਇਹ ਚੁਟਕਲੇ ਵੀ ਚੋਰੀ ਕੀਤੇ ਨਹੀਂ ਸਗੋਂ ਤੁਹਾਡੀ ਮੌਲਿਕ ਕ੍ਰਿਤ ਹੋਣੇ ਚਾਹੀਦੇ ਹਨ। ਚੋਰੀ ਕੀਤੇ ਨਹੀਂ, ਜਿਵੇਂ ਤੁਹਾਡੇ ਹਨ!" ਇਹ ਰਿਕਟਰ ਸਕੇਲ ਤੇ ਸੱਤ ਡਿਗਰੀ ਭੂਚਾਲ ਦੇ ਝਟਕੇ ਜਿਹਾ ਜਵਾਬ ਸੀ, ਪਰ ਮੈਨੂੰ ਕੋਈ ਝਟਕਾ ਨਾ ਲੱਗਾ ਕਿਉਂਕਿ ਇਹ ਗੱਲ ਸੋਲਾਂ ਆਨੇ ਸੱਚ ਸੀ। ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਲੇਖਕ ਖ਼ੁਦ ਸੋਚ ਕੇ ਲਿਖਦੇ ਹਨ। ਪਹਿਲਾਂ ਤਾਂ ਕਈ ਦਿਨ ਮੈਂ ਹੈਰਾਨ-ਪ੍ਰੇਸ਼ਾਨ ਰਿਹਾ, ਪਰ ਇਕ ਦਿਨ ਇਸ ਬਾਰੇ ਮੈਂ ਇਕ ਲੇਖਕ ਨਾਲ ਗੱਲ ਕੀਤੀ ਤਾਂ ਉਸ ਨੇ ਮੈਨੂੰ ਕੁਝ ਦੱਸਣ ਦੀ ਥਾਂ ਮੈਨੂੰ ਉਲਟਾ ਸਵਾਲ ਕਰ ਦਿੱਤਾ, "ਤਾਂ ਤੂੰ ਕੀ ਸੋਚਦਾਂ ਹੈਂ ਕਿ ਇਹ ਸਭ ਸਾਹਿਤ ਕਿੱਥੋਂ ਆਉਂਦਾ ਹੈ?" ਜਦ ਇਸ ਗੱਲ 'ਤੇ ਕਈ ਦਿਨ ਸੋਚ-ਵਿਚਾਰ ਕੀਤੀ ਤਾਂ ਮੇਰੀ ਸਮਝ ਵਿਚ ਆਇਆ ਕਿ ਕੋਈ ਤਾਂ ਲਿਖਦਾ ਹੀ ਹੋਵੇਗਾ। ਮੈਨੂੰ ਉਸ ਦਿਨ ਅਹਿਸਾਸ ਹੋਇਆ ਕਿ ਮੇਰਾ ਬੁੱਧੀ ਪੱਧਰ ਕਾਫ਼ੀ ਉੱਚਾ ਹੈ! ਮੈਂ ਕੁਝ ਦਿਨਾਂ ਲਈ ਲੇਖਕ ਬਣਨ ਦਾ ਵਿਚਾਰ ਕੈਂਸਲ ਕਰ ਦਿੱਤਾ। ਪਰ, ਅਖ਼ਬਾਰ ਵਿੱਚ ਲੇਖਕਾਂ ਵਾਂਗ ਆਪਣਾ ਨਾਮ ਛਪਿਆ ਦੇਖਣ ਦੀ ਅਭਿਲਾਸ਼ਾ ਮੇਰੇ ਦਿਲ ਦੇ ਕਿਸੇ ਨੁੱਕਰੇ ਉੱਸਲਵੱਟੇ ਲੈਂਦੀ ਰਹੀ।

ਮੈਨੂੰ ਕਿਸੇ ਨੇ ਦੱਸਿਆ ਕਿ ਕਵਿਤਾ ਲਿਖਣ ਲਈ ਜ਼ਿੰਦਗੀ ਵਿੱਚ ਅਨੁਭਵ ਹੋਣਾ ਜ਼ਰੂਰੀ ਹੈ। ਪਿਆਰ ਦਾ ਅਨੁਭਵ ਹੋਵੇ, ਜਿਸ ਵਿਚ ਸਫ਼ਲਤਾ ਜਾਂ ਅਸਫ਼ਲਤਾ ਹੋਵੇ। ਜੇਕਰ ਜ਼ਿੰਦਗੀ ਵਿੱਚ ਮੁਹੱਬਤ ਦਾ ਕਰੰਟ ਨਾ ਲੱਗਿਆ ਹੋਵੇ, ਤਾਂ ਲੇਖਣੀ ਵਿੱਚ ਦਮ ਨਹੀਂ ਆ ਸਕਦਾ। ਆਪਣੇ ਲੇਖਕ ਬਣਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਮੈਂ ਕੁਝ ਵੀ ਕਰ ਸਕਦਾ ਹਾਂ, ਇਹ ਪਿਆਰ ਦਾ ਅਨੁਭਵ ਤਾਂ ਕੋਈ ਵੱਡੀ ਗੱਲ ਨਹੀਂ। ਮੈਂ ਇਸ ਬਾਰੇ ਵਿਸਤਾਰ ਨਾਲ ਸੋਚ-ਵਿਚਾਰ ਕੀਤੀ। ਕੋਈ ਲੜਕੀ ਤਾਂ ਮੇਰੇ ਵੱਲ ਦੇਖਦੀ ਤੱਕ ਨਹੀਂ ਸੀ, ਇਸ ਲਈ ਸਾਰੀ ਉਮਰ ਮੈਂ ਕਲਮ ਨਾਲ ਇਸ਼ਕ ਕੀਤਾ ਹੋਣ ਕਰਕੇ ਕਿਸੇ ਕੁੜੀ-ਚਿੜੀ ਨੂੰ ਪਟਾਉਣ ਤੇ ਪਿਆਰ ਵਿਚ ਸਫ਼ਲਤਾ ਹਾਸਲ ਕਰਨ ਜਾਂ ਧੋਖਾ ਖਾਣ ਦਾ ਰਾਜ਼ ਜਾਂ ਰਹੱਸ ਤਾਂ ਮੈਨੂੰ ਪਤਾ ਨਹੀਂ ਸੀ।

ਮੈਂ ਤਾਂ ਸਿਰਫ਼ ਕਲਪਨਾ ਵਿੱਚ ਹੀ ਪਿਆਰ ਦਾ ਅਨੁਭਵ ਹਾਸਲ ਕਰ ਸਕਦਾ ਸੀ। ਸਾਡੇ ਮੁਹੱਲੇ ਵਿੱਚ ਇੱਕ ਮੋਟੀਆਂ ਅੱਖਾਂ ਅਤੇ ਲੰਮੇ ਵਾਲਾਂ ਵਾਲੀ ਇਕ ਲੜਕੀ ਨੂੰ ਮੈਂ ਰੋਜ਼ ਦੇਖਿਆ ਕਰਦਾ ਸੀ। ਭਾਵੇਂ ਕਿ ਨਿੱਜੀ ਤੌਰ ਤੇ ਮੈਂ ਕੱਟੇ ਹੋਏ ਵਾਲਾਂ ਵਾਲੀਆਂ ਕੁੜੀਆਂ ਨੂੰ ਹੀ ਪਸੰਦ ਕਰਦਾ ਹਾਂ, ਅਤੇ ਉਸਨੂੰ ਪ੍ਰਪੋਜ਼ ਕਰਨਾ ਸਾਡੇ ਵੱਸ ਦਾ ਰੋਗ ਨਹੀਂ ਸੀ, ਅਤੇ ਇਸ ਲਈ ਮੈਂ ਦਿਲ ਹੀ ਦਿਲ ਉਸ ਨੂੰ ਪਿਆਰ ਕਰਨ ਲੱਗਾ। 'ਆਗ ਏਕ ਤਰਫ਼ ਲਗੀ ਥੀ' ਦੇ ਮੁਹਾਵਰੇ ਵਾਂਗ! ਮੈਂ ਰੋਜ਼ ਉਸ ਨੂੰ ਵੇਖਦਾ, ਅਤੇ ਵੇਖਦਾ ਹੀ ਰਹਿੰਦਾ, ਵੇਖਦਾ ਹੀ ਰਹਿ ਜਾਂਦਾ, ਪਰ ਮੂੰਹੋਂ ਕੁਝ ਨਾ ਕਹਿੰਦਾ। ਮੈਨੂੰ ਇਹ ਵੀ ਡਰ ਲਗਦਾ ਸੀ ਕਿ ਜੇਕਰ ਉਸ ਕੁੜੀ ਦੇ ਪਰਿਵਾਰ ਦੇ ਕਿਸੇ ਮੈਂਬਰ ਜਾਂ ਭਰਾ ਨੇ ਵੇਖ ਲਿਆ ਤਾਂ ਕੁੱਟ-2 ਕੇ ਪੰਜੀਰੀ ਨਹੀਂ ਤਾਂ ਹਲਵਾ ਜ਼ਰੂਰ ਬਣਾ ਦੇਣਗੇ। ਹੁਣ ਜਦ ਕੋਈ ਇਜ਼ਹਾਰ ਹੀ ਨਹੀਂ ਸੀ ਤਾਂ ਇਕਰਾਰ ਕਿੰਜ ਹੁੰਦਾ। ਕਾਫ਼ੀ ਦੇਰ ਤੱਕ ਦਿਲ ਪਿਆਰ ਦੀ ਅੱਗ ਵਿਚ ਸੜ-ਜਲ ਕੇ ਜਦੋਂ ਹੋਰ ਕੋਈ ਜਾਂ ਕਿਸੇ ਤਰ੍ਹਾਂ ਦੀ ਅੱਗ ਸਹਿਣ ਯੋਗ ਨਾ ਰਿਹਾ ਤਾਂ ਮੈਂ ਉਸ ਦੀ ਖਾਮੋਸ਼ੀ ਨੂੰ ਇਨਕਾਰ ਮੰਨ-ਸਮਝ ਕੇ ਸ਼ਾਇਰੀ ਲਿਖਣ ਲੱਗਾ, ਕਰਨ ਲੱਗਾ। ਇਸ ਨਾਲ, ਮੇਰੇ ਦਿਲ ਨੂੰ, ਜੋ ਕਦੇ ਟੁੱਟਾ ਹੀ ਨਹੀਂ ਸੀ, ਕੁਝ ਰਾਹਤ ਮਿਲੀ। ਮੈਂ ਇਹ ਕਵਿਤਾਵਾਂ ਫਿਰ ਸੰਪਾਦਕ ਨੂੰ ਲਿਖ ਕੇ ਭੇਜੀਆਂ ਪਰ ਇਸ ਬਾਰ ਫਿਰ ਮੇਰਾ ਦਿਲ ਟੁੱਟ ਗਿਆ, ਜਦੋਂ ਸੰਪਾਦਕ ਜੀ ਦਾ ਖ਼ਤ ਮਿਲਿਆ, "ਤੁਹਾਡੇ ਸਭ ਸ਼ੇਅਰ ਜਾਂ ਤਾਂ ਨਕਲੀ ਹਨ, ਜਾਂ ਚੁਰਾਏ ਹੋਏ ਲੱਗਦੇ ਹਨ, ਇੱਧਰ ਉੱਧਰ ਤੋਂ। ਮੇਰਾ ਖ਼ਿਆਲ ਹੈ ਕਿ ਜਾਂ ਤਾਂ ਤੁਹਾਡੀ ਪੀੜ ਨਕਲੀ ਹੈ, ਜਾਂ ਇਜ਼ਹਾਰ ਨਕਲੀ ਹੈ।" ਪੀੜ ਜਾਂ ਇਜ਼ਹਾਰ ਤਾਂ ਦੂਰ ਦੀ ਗੱਲ, ਮੇਰਾ ਤਾਂ ਵਿਚਾਰਾ ਪਿਆਰ ਵੀ ਨਕਲੀ ਹੀ ਸੀ। ਨਕਲੀ ਪਿਆਰ ਵਿਚ ਲਿਖੀਆਂ ਸਭ ਕਵਿਤਾਵਾਂ ਵਿਚੋਂ ਕੋਈ ਵੀ ਰੰਗ ਨਾ ਦਿਖਾ ਸਕੀ। ਪਿਆਰ ਦਾ ਝਟਕਾ ਤਾਂ ਕਦੇ ਲੱਗਾ ਨਹੀਂ ਸੀ, ਸੰਪਾਦਕ ਦੇ ਖ਼ਤ ਦਾ ਝਟਕਾ ਜ਼ਰੂਰ 440 ਡਿਗਰੀ ਦੇ ਕਰੰਟ ਤੋਂ ਕਈ ਗੁਣਾ ਵਧ ਕੇ ਸੀ।

ਮੈਂ ਆਪਣੇ ਕੈਰੀਅਰ, ਸ਼ਾਇਰੀ ਅਤੇ ਜ਼ਿੰਦਗੀ ਬਾਰੇ ਸੋਚ-ਵਿਚਾਰ ਕੀਤਾ ਅਤੇ ਕੁਝ ਖਾਸ ਕਰਨ ਅਤੇ ਆਪਣੀ ਇੱਛਾ ਪੂਰੀ ਕਰਨ ਹਿੱਤ, ਉਸਤਾਦ ਅਫ਼ਸੋਸ ਜਗਰਾਨਵੀ ਜੀ ਦੀ ਸ਼ਰਣ ਲਈ, ਜਿਨ੍ਹਾਂ ਨੂੰ ਸਾਰੀ ਜਿੰਦਗੀ ਮੇਰੇ ਵਾਂਗ ਹੀ ਇਹੀ ਅਫ਼ਸੋਸ ਰਿਹਾ ਕਿ ਉਸਦੀਆਂ ਰਚਨਾਵਾਂ ਕਿਤੇ ਛਪਦੀਆਂ ਕਿਉਂ ਨਹੀਂ ਅਤੇ ਜੇਕਰ ਭੁੱਲ-ਭੁਲੇਖੇ ਛਪ ਵੀ ਜਾਣ ਤਾਂ ਕੋਈ ਪੜ੍ਹਦਾ ਨਹੀਂ ਅਤੇ ਇਸੇ ਲਈ ਉਹ ਮੇਰਾ ਉਸਤਾਦ ਸੀ, ਜਾਂ ਕਹੋ ਮੇਰੇ ਉਹ ਉਸਤਾਦ ਬਣੇ। ਆਖ਼ਰ ਉਸਤਾਦ ਜੀ ਨੂੰ ਕੁਝ ਤਾਂ ਆਦਰ ਦੇਣਾ ਹੀ ਚਾਹੀਦਾ ਹੈ। ਉਨ੍ਹਾਂ ਨੇ ਇਕ ਸਿਗਰਟ ਜਲਾਈ, ਫਿਰ ਉਸਦੇ ਕਸ਼ ਖਿੱਚਦੇ ਹੋਏ ਬੋਲੇ, "ਇਕ ਸ਼ਾਇਰ ਦਾ ਨਸ਼ਈ ਹੋਣਾ ਬਹੁਤ ਜ਼ਰੂਰੀ ਹੈ, ਅਮਲ ਦੀ ਹੱਦ ਤੱਕ ਨਸ਼ਾ ਨਾ ਚੜ੍ਹੇ ਤਾਂ ਫਿਰ ਕਵੀ ਹੀ ਕਾਹਦਾ। ਮਿਰਜ਼ਾ ਗਾਲਿਬ ਜਾਂ ਸ਼ਿਵ ਕੁਮਾਰ ਬਟਾਲਵੀ ਦੀ ਫੀਲਿੰਗ ਤਾਂ ਹੀ ਆਵੇਗੀ, ਜੇਕਰ ਬੰਦਾ ਨਸ਼ੇ ਵਿਚ ਗੜੁੱਚ ਹੋਵੇ।" ਜਦ ਮੈਂ ਉਸਤਾਦ ਜੀ ਨੂੰ ਇਸ ਦਾ ਕਾਰਣ ਪੁੱਛਿਆ ਤਾਂ ਉਹ ਬੋਲੇ, "ਸਾਹਿਤ ਦੇ ਖ਼ੇਤਰ ਵਿਚ ਤੈਨੂੰ ਹਰ ਕਦਮ 'ਤੇ, ਭਾਵ ਕਦਮ-ਦਰ-ਕਦਮ ਕਈ ਝਟਕੇ ਸਹਿਣੇ ਪੈਣਗੇ, ਕਿਉਂਕਿ ਸੰਪਾਦਕ ਦੀ ਰਿਜੈਕਸ਼ਨ ਸਲਿੱਪ ਵਾਰ-ਵਾਰ ਹਾਸਲ ਕਰਨ ਦਾ ਜੇਰਾ ਪ੍ਰਾਪਤ ਕਰਨ ਜਾਂ ਕਾਇਮ ਕਰਨ ਲਈ ਨਸ਼ੇ ਦਾ ਸਹਾਰਾ ਲੈਣਾ ਪੈਂਦਾ ਹੈ।" ਉਨ੍ਹਾਂ ਨੇ ਇਹ ਵੀ ਦੱਸਿਆ, "ਸਭ ਤੋਂ ਪਹਿਲਾਂ ਤਾਂ ਕਵੀ ਦਾ ਨਾਮ ਹੀ ਨਿਵੇਕਲਾ ਜਿਹਾ ਹੋਵੇ। ਬਸ ਅੱਗ ਲਗਾ ਦੇਵੇ। ਪਾਠਕ ਪੜ੍ਹਦੇ ਸਾਰ ਹੀ ਹੈਰਾਨ-ਪ੍ਰੇਸ਼ਾਨ ਹੋ ਜਾਵੇ, ਉਸ ਅੰਦਰ ਦਹਿਸ਼ਤ, ਡਰ ਅਤੇ ਹੈਰਾਨੀ ਦੇ ਭਾਵ ਉਤਪੰਨ ਹੋ ਜਾਣ। ਮਿਸਾਲ ਵਜੋਂ - ਆਤਿਸ਼ ਬਾਜ਼, ਆਸ਼ਿਕ ਵੇਚਾਰਾ, ਨਿਕੰਮਾ ਕਵੀ, ਅਸਲੀ ਬੰਬ, ਅਸਮਾਨੀ ਮਿਜ਼ਾਈਲ, ਸਾਹਿਤਕ ਰੌਕਟ, ਤੇਜ਼ ਤਰਾਰ, ਅਦਬੀ ਤੋਪ, ਪਟਾਕਾ ਨੰਬਰ ਵੱਨ ਜਾਂ ਖੁਸ਼ੀ ਰਾਮ ਪ੍ਰੇਸ਼ਾਨ। ਅੱਜ ਦੇ ਯੁੱਗ ਵਿੱਚ ਜੇਕਰ ਲੋਕਾਂ ਨੂੰ ਔਰ ਭੀ ਗ਼ਮ ਹੈਂ ਪੜ੍ਹਨੇ ਕੇ ਸਿਵਾ ਤਾਂ ਲੋਕਾਂ ਦਾ ਧਿਆਨ ਆਕਰਸ਼ਤ ਕਰਨ ਲਈ ਤੈਨੂੰ ਵੀ ਇੱਕ ਅਜੀਬ ਜਿਹਾ ਨਾਮ ਸੋਚਣਾ ਪਵੇਗਾ।" ਪਰ ਮੈਂ ਆਪਣਾ ਨਾਮ ਕੀ ਰੱਖਾਂ? ਇਹ ਸਵਾਲ ਪ੍ਰਿਥਵੀ ਮਿਜ਼ਾਈਲ ਵਾਂਗ ਮੇਰੇ ਅੰਦਰ ਗੇੜੇ ਕੱਢਣ ਲੱਗਾ। ਜਦ ਮੈਂ ਉਸਤਾਦ ਜੀ ਅੱਗੇ ਆਪਣੇ ਮਦ ਦੀ ਸਮੱਸਿਆ ਰੱਖੀ ਤਾਂ ਉਸਤਾਦ ਜੀ ਬੋਲੇ, "ਆਪਣੇ ਜੀਵਨ ਦੀ ਕੋਈ ਇਹੋ ਜਿਹੀ ਗੱਲ ਦੱਸ, ਜੋ ਤੇਰੇ ਮਨ ਵਿਚ ਹਮੇਸ਼ਾ ਚੱਕਰ ਕੱਢਦੀ ਫਿਰਦੀ ਹੋਵੇ, ਜਿਵੇਂ ਮੈਨੂੰ ਸਾਰੀ ਉਮਰ ਇਹੀ ਅਫਸੋਸ ਰਿਹਾ ਕਿ ਮੇਰੀ ਕੋਈ ਵੀ ਰਚਨਾ ਕਦੇ ਛਪੀ ਕਿਉਂ ਨਹੀਂ ਅਤੇ ਇਸ ਕਰਕੇ ਮੈਂ ਆਪਣਾ ਨਾਮ ਅਫ਼ਸੋਸ ਜਗਰਾਨਵੀ ਰੱਖ ਲਿਆ। ਜਗਰਾਉਂ ਮੇਰਾ ਸ਼ਹਿਰ ਹੈ, ਜਿਵੇਂ ਬਟਾਲਵੀ ਦਾ ਸ਼ਹਿਰ ਬਟਾਲਵੀ ਸੀ, ਲੁਧਿਆਣਵੀ ਦਾ ਲੁਧਿਆਣਾ।" ਮੈਂ ਕਿਹਾ, "ਹਾਂ ਉਸਤਾਦ ਜੀ, ਮੈਨੂੰ ਬਚਪਨ ਤੋਂ ਹੀ ਅਫ਼ਸੋਸ ਰਿਹਾ ਹੈ ਕਿ ਮੇਰਾ ਜਨਮ 1947 ਤੋਂ ਪਹਿਲਾਂ ਕਿਉਂ ਨਹੀਂ ਹੋਇਆ? ਜੇਕਰ ਅਜਿਹਾ ਹੁੰਦਾ ਤਾਂ ਮੈਂ ਕਲਮ ਜਾਂ ਹਥਿਆਰ ਨਾਲ ਕੁਝ ਕਰ ਸਕਦਾ, ਦੇਸ਼ ਲਈ ਕੁਝ ਕਰ ਸਕਦਾ, ਮਰ ਸਕਦਾ, ਫਾਂਸੀ ਚੜ੍ਹ ਸਕਦਾ।" ਉਸਤਾਦ ਜੀ ਬੋਲੇ, "ਨਾਮ ਇਕਦਮ ਮਨ ਵਿਚ ਆਉਂਦਾ ਹੈ, ਇਕਦਮ ਸ਼ਾਇਰੀ ਦੀ ਤਰ੍ਹਾਂ, ਜਿਵੇਂ ਬੰਬ ਚਲਦਾ ਹੈ, ਜਿਵੇਂ ਗੋਲਾ ਜਾਂ ਗੋਲੀ ਚਲਦੀ ਹੈ, ਤੋਪ ਵਿਚੋਂ ਗੋਲਾ ਨਿਕਲਦਾ ਹੈ ਜਾਂ ਗੋਲੀ ਨਿਕਲਦੀ ਹੈ, ਪਿਸਤੌਲ ਵਿੱਚੋਂ, ਏ ਕੇ ਸੰਤਾਲੀ ਵਿੱਚੋਂ, ਆਹ ਏ ਕੇ ਸੰਤਾਲੀ! ਕਿਵੇਂ ਲੱਗਾ ਇਹ ਨਾਮ???

ਨਾਮ ਤਾਂ ਬੰਬ ਸੀ, ਐਨ ਤੇਜ਼-ਤਰਾਰ!

ਇਸੇ ਦੌਰਾਨ ਇੱਕ ਸਥਾਨਕ ਅਖ਼ਬਾਰ ਨੇ ਪੱਤਰਕਾਰ ਦਾ ਇਸ਼ਤਿਹਾਰ ਦਿੱਤਾ ਅਤੇ ਮੈਂ ਆਪਣੀ ਅਰਜ਼ੀ ਲੈ ਕੇ ਅਖ਼ਬਾਰ ਦੇ ਦਫ਼ਤਰ ਪੁੱਜ ਗਿਆ। ਪੋਸਟ-ਗਰੈਜੂਏਟ ਹੋਣ ਕਰਕੇ ਪਹਿਲ-ਪ੍ਰਾਥਮਿਕਤਾ ਦੇ ਆਧਾਰ 'ਤੇ ਮੈਨੂੰ ਨਿਯੁਕਤ ਕਰ ਲਿਆ ਗਿਆ। ਪਹਿਲੇ ਹੀ ਦਿਨ ਕਿਸੇ ਹਾਦਸੇ, ਕਤਲ, ਜਾਂ ਬੰਬ ਧਮਾਕੇ ਦੀ ਖ਼ਬਰ ਦੇ ਕੇ ਮੈਂ ਆਪਣੀ ਧਮਾਕੇਦਾਰ ਐਂਟਰੀ ਦਰਜ ਕਰਵਾਉਣਾ ਚਾਹੁੰਦਾ ਸੀ। ਮੈਂ ਸੋਚ ਰਿਹਾ ਸੀ, ਕਿ ਮੈਨੂੰ ਮੇਰੇ ਇਕ ਹਮਦਰਦ ਦੋਸਤ ਨੇ, ਜਿਸਨੂੰ ਮੈਂ ਕੋਈ ਵੀ ਅਜਿਹੀ ਘਟਨਾ ਹੋਣ ਤੇ ਮੈਨੂੰ ਸੂਚਿਤ ਕਰਨ ਲਈ ਕਿਹਾ ਸੀ, ਫ਼ੋਨ ਕਰਕੇ ਦੱਸਿਆ ਕਿ ਸ਼ਹਿਰ ਤੋਂ 2 ਮੀਲ ਦੂਰ ਜੀ ਟੀ ਰੋਡ ਤੇ ਇਕ ਹਾਦਸਾ ਹੋਇਆ ਹੈ। ਮੈਂ ਇੱਕਦਮ ਆਪਣੀ ਫਿਟਫਿਟੀਆ ਸਕੂਟਰੀ ਨੂੰ ਕਿੱਕ ਮਾਰੀ ਅਤੇ ਪਹੁੰਚ ਗਿਆ ਐਕਸੀਡੈਂਟ ਸਾਈਟ ਤੇ। ਮੇਰੇ ਉਥੇ ਪਹੁੰਚਣ ਤੇ ਸਭ ਤੋਂ ਪਹਿਲਾ ਸਵਾਲ ਇਕ ਜ਼ਖ਼ਮੀ ਇਨਸਾਨ ਨੂੰ ਦਿਲਾਸਾ ਦੇਣ ਬਾਦ ਇਹੀ ਸੀ, "ਕਿੰਨੇ ਆਦਮੀ ਮਰੇ ਨੇ?" ਉਸ ਦਾ ਜਵਾਬ ਸੀ, "ਜਨਾਬ, ਖ਼ੁਦਾ ਦਾ ਸ਼ੁਕਰ ਹੈ, ਸਭ ਬਚ ਗਏ।" ਮੈਂ ਗੁੱਸੇ ਵਿਚ ਆ ਗਿਆ, "ਤੇ ਇਹਦੇ ਵਿਚ ਖੁਸ਼ੀ ਵਾਲੀ ਕੀ ਗੱਲ ਏ। ਮੇਰੀ ਖ਼ਬਰ ਮਰ ਗੀ!

ਮੇਰਾ ਅਖ਼ਬਾਰੀ ਜ਼ਿੰਦਗੀ ਦਾ ਇਹ ਪਹਿਲਾ ਹਾਦਸਾ ਸੀ, ਜਿਸ ਨੂੰ ਮੈਂ ਕਵਰ ਕਰਨ ਲਈ ਸਭ ਤੋਂ ਪਹਿਲਾਂ ਹਾਜ਼ਰ ਹੋਇਆ, ਤਾਂ ਜੋ ਮੇਰੀ ਖ਼ਬਰ ਫਰੰਟ ਪੇਜ਼ ਤੇ ਛਪੇ ਅਤੇ ਮੇਰਾ ਨਾਮ ਵੀ ਮੋਟੇ ਅੱਖ਼ਰਾਂ ਵਿਚ, ਪਰ ਇਥੇ ਤਾਂ ਕੁਝ ਵੀ ਨਹੀਂ ਹੋਇਆ। ਸ਼ਾਇਦ ਇਹ ਤਾਂ ਖ਼ਬਰ ਵੀ ਨਾ ਬਣੇ।" ਉਥੇ ਖੜ੍ਹੇ ਲੋਕਾਂ ਨੂੰ ਰੱਬ ਜਾਣੇ ਕੀ ਹੋ ਗਿਆ, ਉਨ੍ਹਾਂ ਨੇ ਕੁੱਟ-ਕੁੱਟ ਕੇ ਮੇਰਾ ਸੁਰਮਾ ਬਣਾ ਦਿੱਤਾ। ਹਾਦਸੇ ਦੇ ਸ਼ਿਕਾਰ ਲੋਕਾਂ ਦੇ ਤਾਂ ਮਾਮੂਲੀ ਸੱਟਾਂ ਲੱਗੀਆਂ ਸਨ, ਪਰ ਮੈਨੂੰ ਆਪਣੀ ਮੱਲ੍ਹਮ-ਪੱਟੀ ਕਰਵਾਉਣ ਲਈ ਹਸਪਤਾਲ ਜਾਣਾ ਪਿਆ, ਜਾਂ ਕਹੋ ਕਿਸੇ ਚੰਗੀ ਆਤਮਾ ਨੇ ਮੈਨੂੰ ਉਥੇ ਪਹੁੰਚਾਇਆ। ਮੈਂ ਅਜੇ ਹਸਪਤਾਲ ਵਿਚ ਹੀ ਸੀ, ਕਿ ਮੈਨੂੰ ਉਸੇ ਦੋਸਤ ਦਾ ਇਕ ਵਾਰ ਫਿਰ ਫ਼ੋਨ ਆਇਆ, ਇਕ ਹੋਰ ਹਾਦਸੇ ਬਾਰੇ। ਮੈਂ ਪਹਿਲਾਂ ਹੀ ਪੁੱਛ ਲਿਆ, "ਕੀ ਕੋਈ ਮਰਿਆ ਵੀ ਹੈ ਉਥੇ?" ਉਸਨੇ ਦੁਖੀ ਆਵਾਜ਼ ਵਿਚ ਆਖਿਆ, "ਦੁੱਖ ਦੀ ਗੱਲ ਹੈ ਕਿ ਇਥੇ ਤਿੰਨ ਆਦਮੀ ਮੌਕੇ 'ਤੇ ਹੀ ਮਾਰੇ ਗਏ ਹਨ। ਤਿੰਨ ਘਰ ਉਜੜ ਗਏ ਮੇਰੇ ਵੀਰ!" ਉਸ ਦੀ ਆਵਾਜ਼ ਵਿਚ ਦਰਦ ਅਤੇ ਪੀੜਾ ਸੀ ਪਰ ਮੈਂ ਖ਼ੁਸ਼ੀ ਵਿਚ ਪਾਗਲ ਹੋ ਗਿਆ ਸੀ। ਮੈਂ ਮਿਠਾਈ ਦਾ ਡੱਬਾ ਲੈ ਕੇ ਉਥੇ ਪਹੁੰਚ ਗਿਆ, ਤੇ ਕਵਰੇਜ ਕਰਨ ਤੋਂ ਪਹਿਲਾਂ ਉਥੇ ਮੌਜੂਦ ਲੋਕਾਂ ਨੂੰ ਮਠਿਆਈ ਵੰਡਦਾ ਹੋਇਆ ਕਹਿਣ ਲੱਗਾ, "ਅੱਜ ਮੇਰਾ ਇਹ ਬਤੌਰ ਪੱਤਰਕਾਰ ਪਹਿਲਾ ਦਿਨ ਹੈ ਅਤੇ ਅੱਜ ਅਜਿਹੀ ਦਰਦਨਾਕ ਖ਼ਬਰ ਮਿਲੀ ਹੈ ਜੋ ਪਹਿਲੇ ਪੰਨੇ ਤੇ ਛਪੇਗੀ। ਮੇਰੀ ਮਿਠਾਈ ਦਾ ਡੱਬਾ ਖੋ ਕੇ ਉਹ ਲੋਕ ਮੈਨੂੰ ਕੁੱਟਣ ਲੱਗੇ।

ਮੈਂ ਰੋ ਪਿਆ - ਇਹ ਕੀ ਹੈ? ਨਾ ਦੁੱਖ ਪ੍ਰਗਟ ਕਰ ਸਕਦਾ ਹੈ ਪੱਤਰਕਾਰ ਆਪਣਾ, ਨਾ ਖ਼ੁਸ਼ੀ। ਮੈਂ ਕੰਨਾਂ ਨੂੰ ਹੱਥ ਲਗਾ ਲਏ ਨਾ ਤਾਂ ਮੈਂ ਕਦੇ ਲੇਖਕ ਬਣਨ ਦਾ ਸੁਪਨਾ ਦੇਖਾਂਗਾ ਅਤੇ ਨਾ ਹੀ ਪੱਤਰਕਾਰ ਬਣਨ ਦੀ ਕੋਸ਼ਿਸ਼ ਕਰਾਂਗਾ। ਉਹ ਦਿਨ ਅਤੇ ਆਹ ਦਿਨ, ਮੈਂ ਕਲਮ ਨੂੰ ਅਲਵਿਦਾ ਕਹਿ ਦਿੱਤਾ ਹੈ। ਇਹ ਤਾਂ ਅੱਜ ਹੁਣ ਤੁਸੀਂ ਪੁੱਛਿਆ ਹੈ ਤਾਂ ਦੱਸਿਆ ਹੈ, ਨਹੀਂ ਤਾਂ ਇਸ ਵਿਸ਼ੇ 'ਤੇ ਗੱਲ ਕਰਨ ਤੋਂ ਵੀ ਘਬਰਾਉਂਦਾ ਹਾਂ।

(ਨੋਟ- ਇਸ ਵਿਅੰਗ ਦਾ ਉਦੇਸ਼ ਕਿਸੇ ਵਿਅਕਤੀ ਵਿਸ਼ੇਸ਼ ਜਾਂ ਭਾਈਚਾਰੇ ਵਿਸ਼ੇਸ਼ ਤੇ ਟਿੱਪਣੀ ਕਰਨਾ ਨਹੀਂ, ਸਗੋਂ ਜੀਵਨ ਦੀ ਆਮ ਅਤੇ ਖਾਸ ਘਟਨਾਵਾਂ ਨੂੰ ਕਾਲਪਨਿਕ ਰੰਗ ਚੜ੍ਹਾ ਕੇ ਹਾਸਾ ਉਪਜਾਉਣਾ ਹੈ।)

ਪ੍ਰੋ: ਐਚ ਐਸ ਡਿੰਪਲ

ਗੱਲਾਂ ਕਰਨ ਵਾਲੇ

ਸਫ਼ਾ IV ਦੀ ਬਾਕੀ

ਉਡੀਕ ਤੇ ਉਸ ਦਾ ਘਰਵਾਲਾ ਸਾਡਾ ਮਾਮਾ ਸਾਧੂ ਸਿੰਘ ਆਇਆ ਅਤੇ ਆ ਕੇ ਕਿਹਾ ਕਿ ਪ੍ਰਾਹੁਣੇ ਚਾਹ ਉਡੀਕੀ ਜਾਂਦੇ ਹਨ,ਤੂੰ ਪੇਕਿਆਂ ਦੇ ਗੁਣ ਗਾਈ ਜਾਂਦੀ ਏ। ਜਦੋਂ ਪ੍ਰਾਹੁਣੇ ਚਲੇ ਗਏ ਫਿਰ ਖੰਡ ਲੈ ਕੇ ਆਵੇਂਗੀ? ਫਿਰ ਚਾਹ ਬਣਾ ਕੇ ਪ੍ਰਾਹੁਣਿਆਂ ਨੂੰ ਪਿਲਾਏਂਗੀ? ਸਾਡੇ ਪਿੰਡ ਵਿੱਚ ਗੱਲ੍ਹਾਂ ਕਰਨ ਨੂੰ ਸਾਡੀ ਮਾਮੀ ਬਹੁਤ ਮਸ਼ਹੂਰ ਸੀ। ਘੰਟਾ-ਘੰਟਾ, ਦੋ-ਦੋ ਘੰਟੇ ਆਮ ਗੱਲ੍ਹਾਂ ਕਰੀ ਜਾਂਦਾ ਸੀ। ਉਸ ਦੇ ਘਰ ਵਾਲਿਆਂ ਨੂੰ ਪਤਾ ਸੀ। ਇਸ ਨੇ ਜਲਦੀ ਨਹੀਂ ਮੁੜਨਾ। ਮਾਮੀ ਦੇ ਪਿੱਛੇ ਕਿਸੇ ਨਾ ਕਿਸੇ ਘਰ ਵਾਲੇ ਨੇ ਆਉਣਾ ਤਾਂ ਜਾ ਕੇ ਮਾਮੀ ਨੇ ਘਰ ਮੁੜਨਾ।

ਇੱਕ ਦਿਨ ਪਾਕਿਸਤਾਨ ਤੋਂ ਮੈਡਮ ਰਖਸ਼ੰਦਾ ਜੋ ਕਿ ਸਾਡੇ ਜਾਣ-ਪਛਾਣ ਵਾਲੇ ਹਨ, ਦਾ ਟੈਲੀਫ਼ੋਨ ਆਇਆ ਕਿ ਅਸੀਂ ਪੰਜ ਦਿਨ ਬਾਅਦ ਅੰਮ੍ਰਿਤਸਰ ਆਉਣਾ ਹੈ। ਸਾਡੀਆਂ ਦਿੱਲੀ ਲਈ ਤਿੰਨ ਟਿਕਟਾਂ ਸ਼ਾਮ ਵਾਲੀ ਸ਼ਤਾਬਦੀਆਂ ਦੀਆਂ ਬੁੱਕ ਕਰਵਾ ਦੇਣੀਆਂ। ਅਸੀਂ ਚਾਰ ਵਜੇ ਤੋਂ ਪਹਿਲਾਂ ਤੁਹਾਡੇ ਕੋਲੋਂ ਟਿਕਟਾਂ ਲੈ ਲਵਾਂਗੇ ਅਤੇ ਟਿਕਟਾਂ ਦੇ ਪੈਸੇ ਦੇ ਦੇਵਾਂਗੇ। ਉਨ੍ਹਾਂ ਨੂੰ ਦੋ ਵਜੇ ਆਪਣੀ ਗੱਡੀ 'ਤੇ ਮੇਰਾ ਛੋਟਾ ਲੜਕਾ ਮੇਹਰਬਾਨ ਲੈ ਆਇਆ ਅਤੇ ਰੋਟੀ ਪਾਣੀ ਛਕਾਇਆ। ਉਨ੍ਹਾਂ ਵਿੱਚ ਰਖਸ਼ੰਦਾ ਅਤੇ ਉਸ ਦਾ ਘਰਵਾਲਾ ਅਤੇ ਇੱਕ ਉਸ ਦੀ ਸਹੇਲੀ ਸੀ। ਮੇਰੀ ਘਰਵਾਲੀ ਨੇ ਉਨ੍ਹਾਂ ਨਾ ਗੱਲ੍ਹਾਂ ਛੇੜ ਲਈਆਂ। ਉਹ ਬਥੇਰਾ ਕਹਿਣ ਕਿ ਸਾਡੀ ਭੈਣ ਜੀ ਗੱਡੀ ਨਾ ਨਿਕਲ ਜਾਵੇ। ਏਨੇ ਨੂੰ ਚੰਡੀਗੜ੍ਹ ਤੋਂ ਅਮਰਜੀਤ ਕੌਰ, ਸੁਰਿੰਦਰ ਕੌਰ ਅਤੇ ਬਲਜੀਤ ਆ ਗਏ। ਮੁੜ ਕੇ ਉਨ੍ਹਾਂ ਨੂੰ ਚਾਹ ਪਾਣੀ ਪਿਲਾਇਆ। ਪੰਜ ਵੱਜਣ ਵਿੱਚ ਸਿਰਫ਼ ਸੱਤ ਅੱਠ ਮਿੰਟ ਹੀ ਬਾਕੀ ਸਨ। ਸ਼ਤਾਬਦੀ ਗੱਡੀ ਪੰਜ ਵਜੇ ਚਲੀ ਜਾਣੀ ਸੀ। ਮੇਹਰਬਾਨ ਸਿੰਘ ਨੇ ਬੜਾ ਜ਼ੋਰ ਲਾ ਕੇ ਮੈਡਮ ਰਖਸ਼ੰਦਾ ਹੋਣਾ ਨੂੰ ਕਾਰ ਵਿੱਚ ਬਿਠਾਇਆ ਅਤੇ ਗੱਡੀ ਦੌੜਾ ਕੇ ਪੰਜ ਵੱਜ ਕੇ ਚਾਰ ਮਿੰਟ 'ਤੇ ਸ਼ਟੇਸ਼ਨ'ਤੇ ਪਹੁੰਚਾ ਦਿੱਤਾ। ਗੱਡੀ ਪੰਜ-ਚਾਰ ਮਿੰਟ ਲੇਟ ਸੀ। ਉਨ੍ਹਾਂ ਨੇ ਸਾਹੋ-ਸਾਹੀ ਹੋ ਕੇ ਗੱਡੀ ਫੜ੍ਹੀ। ਗੱਡੀ ਚੱਲ ਪਈ ਸੀ। ਬੜੀ ਮੁਸ਼ਕਿਲ ਨਾਲ ਗੱਡੀ ਵਿੱਚ ਸਮਾਨ ਰੱਖਿਆ। ਮੇਰੀ ਘਰਵਾਲੀ ਨੇ ਉਨ੍ਹਾਂ ਨੂੰ ਤਾਂ ਤੋਰ ਦਿੱਤਾ, ਫਿਰ ਜਿਹੜੇ ਚੰਡੀਗੜ੍ਹ ਤੋਂ ਆਏ ਸੀ, ਉਨ੍ਹਾਂ ਨਾਲ ਗੱਲਾਂ ਕਰਨ ਲੱਗ ਪਈ। ਮੇਰੀ ਲੜਕਾ ਮੇਹਰਬਾਨ ਸਿੰਘ ਰਖਸ਼ੰਦਾ ਹੁਰਾਂ ਨੂੰ ਸਟੇਸ਼ਨ ਤੋਂ ਗੱਡੀ ਬਿਠਾ ਕੇ ਖਫ਼ਾ ਹੋਇਆ ਵਾਪਸ ਆ ਗਿਆ ਸੀ। ਪਰ ਉਹ ਅਜੇ ਵੀ ਗਲੀ ਵਿੱਚ ਖਲ੍ਹੋ ਕੇ ਗੱਲਾਂ ਹੀ ਕਰ ਰਹੀਆਂ ਸਨ। ਉਹ ਆਪਣੀ ਮਾਂ ਦੇ ਗਲ ਪੈ ਗਿਆ ਕਿ ਮੰਮੀ ਤੁਸੀਂ ਗੱਲਾਂ ਨਹੀਂ ਛੱਡਦੇ। ਮੈਂ ਉਨ੍ਹਾਂ ਨੂੰ ਮਸਾਂ ਸਟੇਸ਼ਨ 'ਤੇ ਗੱਡੀ ਚੜ੍ਹਾ ਕੇ ਆਇਆ ਹਾਂ। ਚੱਲਦੀ ਗੱਡੀ ਵਿੱਚ ਸਮਾਨ ਸੁੱਟਿਆ ਹੈ। ਬੜੀ ਮੁਸ਼ਕਿਲ ਨਾਲ ਉਹ ਗੱਡੀ ਬੈਠੇ ਹਨ। ਹੁਣ ਇਹ ਅੰਟੀ ਹੁਰੀਂ ਅੱਧੇ ਪੌਣੇ ਘੰਟੇ ਦੇ ਆਏ ਹਨ। ਤੁਸੀਂ ਗੱਲਾਂ ਹੀ ਕਰੀ ਜਾਂਦੇ। ਇਨ੍ਹਾਂ ਨੂੰ ਚਾਹ ਪਾਣੀ ਤਾਂ ਪੁੱਛੋ। ਫਿਰ ਗੱਲਾਂ ਕਰ ਲਿਓ। ਸਾਡੇ ਹੋਸਟਲ ਵਿੱਚ ਪੰਦਰ੍ਹਾਂ-ਵੀਹ ਕੁੜੀਆਂ ਹਮੇਸ਼ਾਂ ਰਹਿੰਦੀਆਂ ਹਨ। ਕਿਸੇ ਨਾ ਕਿਸੇ ਦੇ ਮਾਂ-ਪਿਉ ਮਿਲਣ ਆਏ ਰਹਿੰਦੇ ਹਨ। ਇੱਕ ਦਿਨ ਸਾਡੇ ਹੋਸਟਲ ਵਿੱਚ ਟਾਂਡੇ ਓੜਮੁੜ ਤੋਂ ਦੋ ਮੀਆਂ-ਬੀਬੀ ਆਏ। ਉਨ੍ਹਾਂ ਦੀ ਲੜਕੀ ਨੀਲੂ ਬੀ-ਫਾਰਮੇਸੀ ਦੀ ਡਿਗਰੀ ਕਰਦੀ ਸੀ। ਕੁੜੀ ਬੜੀ ਸੋਹਣੀ ਸੁਣੱਖੀ ਸੀ। ਮੇਰੀ ਸਾਲੀ ਦਾ ਲੜਕਾ ਪ੍ਰਦੀਪ ਸਿੰਘ ਜਿਹੜਾ ਅਮਰੀਕਾ ਵਿੱਚ ਰਹਿੰਦਾ ਹੈ ਵਾਸਤੇ ਮੇਰੀ ਘਰਵਾਲੀ ਨੇ ਉਸ ਦੇ ਰਿਸ਼ਤੇ ਦੀ ਗੱਲ ਛੇੜ ਲਈ। ਉਨ੍ਹਾਂ ਨੂੰ ਜਾਣ ਦੀ ਜਲਦੀ ਸੀ। ਉਨ੍ਹਾਂ ਨੇ ਦੂਰ ਜਾਣਾ ਸੀ। ਉਨ੍ਹਾਂ ਨੂੰ ਹਨ੍ਹੇਰਾ ਹੋ ਰਿਹਾ ਸੀ। ਉਹ ਖਹਿੜਾ ਛੁਡਾਉਣਾ ਚਾਹੁੰਦੇ ਸਨ। ਮੈਡਮ ਰਿਸ਼ਤੇ ਦੀ ਹਾਂ ਕਰਾਉਣਾ ਚਾਹੁੰਦੀ ਸੀ। ਮੈਂ ਕਿਹਾ ਇਹ ਤਾਂ ਵਿਚਾਰੇ ਫਸ ਗਏ। ਏਨੇ ਨੂੰ ਟੈਲੀਫ਼ੋਨ ਦੀ ਘੰਟੀ ਵੱਜੀ। ਮੈਂ ਉਂਝ ਹੀ ਕਹਿ ਦਿੱਤਾ ਕਿ ਤੇਰੀ ਮੰਮੀ ਦਾ ਅਮਰੀਕਾ ਤੋਂ ਫ਼ੋਨ ਆਇਆ ਹੈ। ਮੈਡਮ ਫ਼ੋਨ ਸੁਣਨ ਲੱਗ ਪਈ ਅਤੇ ਮੈਂ ਉਨ੍ਹਾਂ ਨੂੰ ਫ਼ਤਹਿ ਬੁਲਾ ਕੇ ਤੋਰ ਦਿੱਤਾ ਅਤੇ ਕਿਹਾ ਫਿਰ ਕਿਸੇ ਦਿਨ ਟਾਈਮ ਕੱਢ ਕੇ ਆਉ। ਜੇ ਤੁਹਾਨੂੰ ਰਿਸ਼ਤਾ ਚੰਗਾ ਲੱਗਾ ਤਾਂ ਆਪਾਂ ਕਰ ਲਵਾਂਗੇ। ਜੇ ਨਾ ਲੱਗਾ ਤਾਂ ਨਾ ਸਹੀ।

ਜਦੋਂ ਦੀ ਅਸੀਂ ਸਾਈਂ ਮੀਆਂ ਮੀਰ ਫਾਊਂਡੇਸ਼ਨ ਬਣਾਈ ਹੈ ਤਾਂ ਤਿੰਨ ਚਾਰ ਜੱਥੇ ਸਾਲ ਵਿੱਚ ਪਾਕਿਸਤਾਨ ਤੋਂ ਮੰਗਵਾਉਂਦੇ ਹਾਂ। ਉਨ੍ਹਾਂ ਵਿੱਚ ਸਾਹਿਤਕਾਰ, ਵਪਾਰੀ, ਕਲਾਕਾਰ, ਪ੍ਰੋਫੈਸਰ, ਵਕੀਲ ਅਤੇ ਹੋਰ ਬੁੱਧੀਜੀਵੀ, ਤਕਰੀਬਨ ਸੌ-ਸੌ ਆਦਮੀ ਆਪਣੇ ਘਰ ਹੀ ਠਹਿਰਾਉਂਦੇ ਹਾਂ। ਜਿਹੋ ਜਿਹੀ ਰੁੱਖੀ-ਮਿੱਸੀ ਅਸੀਂ ਆਪ ਖਾਂਦੇ ਹਾਂ ਅਤੇ ਉਹੋ-ਜਹੀ ਉਨ੍ਹਾਂ ਨੂੰ ਵੀ ਖਵਾਉਂਦੇ ਹਾਂ। ਚਾਰ ਜੱਥੇ ਅਸੀਂ ਪਾਕਿਸਤਾਨ ਲੈ ਕੇ ਜਾਂਦੇ ਹਾਂ। ਜਿਹੜੇ ਸਾਡੇ ਜੱਥੇ ਪਾਕਿਸਤਾਨ ਜਾਂਦੇ ਹਨ, ਉਨ੍ਹਾਂ ਨੂੰ ਰਹਿਣ ਲਈ ਗੁਰਦੁਆਰਿਆਂ ਵਿੱਚ ਕਮਰੇ ਮਿਲ ਜਾਂਦੇ ਹਨ ਅਤੇ ਹਰੇਕ ਗੁਰਦੁਆਰੇ ਵਿੱਚ ਲੰਗਰ ਹੁੰਦਾ ਹੈ।

ਸਾਰੇ ਯਾਤਰੀ ਗੁਰਦੁਆਰੇ ਵਿੱਚੋਂ ਲੰਗਰ ਛਕ ਕੇ ਗੁਰਦੁਆਰੇ ਹੀ ਸੌਂ ਜਾਂਦੇ ਹਨ। ਜਿਨ੍ਹਾਂ ਨੇ ਗੁਰਦੁਆਰੇ ਨਹੀਂ ਰਹਿਣਾ, ਉਹ ਹੋਟਲਾਂ ਵਿੱਚ ਰਹਿ ਪੈਂਦੇ ਹਨ। ਕਾਫ਼ੀ ਆਦਮੀ ਲੋਕਾਂ ਦੇ ਗਰਾਂ ਵਿੱਚ ਵੀ ਰਹਿ ਪੈਂਦੇ ਹਨ। ਪਰ ਹਿੰਦੁਸਤਾਨ ਵਿੱਚ ਪਾਕਿਸਤਾਨ ਮੁਸਲਮਾਨਾਂ ਵਾਸਤੇ ਬਹੁਤ ਮੁਸ਼ਕਿਲ ਹੈ। ਨਾ ਹੀ ਉਨ੍ਹਾਂ ਦੇ ਇੱਧਰ ਰਿਸ਼ਤੇਦਾਰ ਹਨ, ਨਾ ਹੀ ਹੋਟਲਾਂ ਵਾਲੇ ਉਨ੍ਹਾਂ ਨੂੰ ਹੋਟਲਾਂ ਵਿੱਚ ਕਮਰਾ ਦਿੰਦੇ ਹਨ, ਨਾ ਹੀ ਉਹ ਗੁਰਦੁਆਰੇ ਰਹਿ ਸਕਦੇ ਹਨ, ਨਾ ਹੀ ਕਿਸੇ ਧਰਮਸ਼ਾਲਾ ਵਿੱਚ ਰਹਿ ਸਕਦੇ ਹਨ। ਕਿਉਂਕਿ ਉਹ ਸਿਗਰਟਾਂ ਪੀਂਦੇ ਹਨ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਪੰਜਾਬ ਸਰਕਾਰ ਨੂੰ ਮਿਲ ਕੇ ਇੱਕ ਚੰਡੀਗੜ੍ਹ ਅਤੇ ਇੱਕ ਅੰਮ੍ਰਿਤਸਰ ਸਾਈਂ ਮੀਆਂ ਮੀਰ ਭਵਨ ਬਣਾਇਆ ਜਾਵੇ ਅਤੇ ਪੰਜ-ਪੰਜ , ਸੱਤ-ਸੱਤ ਕਮਰੇ ਵੀ ਬਣਾਏ ਜਾਣ ਤਾਂ ਕਿ ਪਾਕਿਸਤਾਨ ਤੋਂ ਆਉਣ ਵਾਲੇ ਸੱਜਣ ਉਨ੍ਹਾਂ ਕਮਰਿਆਂ ਵਿੱਚ ਠਹਿਰ ਸਕਣ। **ਚੱਲਦਾ**

ਸੰਯੁਕਤ ਅਰਬ ਅਮੀਰਾਤ (ਯੂ. ਏ. ਈ.) ਦਾ ਚਮਤਕਾਰ

ਸਫ਼ਾ IV ਦੀ ਬਾਕੀ

ਆਬੂਧਾਬੀ ਦੇ ਜਿੰਮੇ ਹੈ। ਸੰਯੁਕਤ ਅਰਬ ਅਮੀਰਾਤ ਦੇ ਰਾਸ਼ਟਰਪਤੀ ਦਾ ਅਹੁੱਦਾ ਆਬੂਧਾਬੀ ਕੋਲ ਅਤੇ ਪ੍ਰਧਾਨ ਮੰਤਰੀ ਅਤੇ ਉਪ ਰਾਸ਼ਟਰਪਤੀ ਦਾ ਆਹੁੱਦਾ ਦੁਬਈ ਕੋਲ ਹੈ। ਪਹਿਲਾਂ ਇਨ੍ਹਾਂ ਅਹੁਦਿਆਂ ਦੀ ਚੋਣ ਸਰਬ-ਸੰਮਤੀ ਨਾਲ ਕੀਤੀ ਜਾਂਦੀ ਸੀ ਪ੍ਰੰਤੂ ਹੁਣ ਦੂਜੀਆਂ ਰਿਆਸਤਾਂ ਦੀ ਸਹਿਮਤੀ ਨਾਲ ਇਹ ਤਿੰਨੇ ਪ੍ਰਮੁੱਖ ਅਹੁੱਦੇ ਪੱਕੇ ਤੌਰ 'ਤੇ ਆਬੂਧਾਬੀ ਅਤੇ ਦੁਬਈ ਨੂੰ ਦੇ ਦਿੱਤੇ ਗਏ ਹਨ। ਸੱਤਾਂ ਹੀ ਰਿਆਸਤਾਂ ਦੇ ਮੁੱਖੀਆਂ 'ਤੇ ਅਧਾਰਿਤ ਸੁਪਰੀਮ ਕੌਂਸਲ ਸਭ ਤੋਂ ਸ਼ਕਤੀਸ਼ਾਲੀ ਰਾਜਸੀ ਅਦਾਰਾ ਹੈ। ਯੂ. ਏ. ਈ. ਦੇ ਸਾਰੇ ਆਮ ਫੈਸਲੇ ਬਹੁਸੰਮਤੀ ਨਾਲ ਲਏ ਜਾਂਦੇ ਹਨ, ਪ੍ਰੰਤੂ ਨੀਤੀਗਤ ਫੈਸਲਿਆਂ ਲਈ ਪੰਜ ਰਾਜਾਂ ਦੀ ਸਹਿਮਤੀ ਜ਼ਰੂਰੀ ਹੈ। ਦੋਵਾਂ ਹੀ ਹਾਲਾਤਾਂ ਵਿੱਚ ਅਬੂਧਾਬੀ ਅਤੇ ਦੁੱਬਈ ਦੀ ਸਹਿਮਤੀ ਦਾ ਹੋਣਾ ਇੱਕ ਸ਼ਰਤ ਹੈ। ਸੁਪਰੀਮ ਕੌਂਸਲ ਦੇ ਨਾਲ-ਨਾਲ ਮੰਤਰੀ ਮੰਡਲ ਦਾ ਗਠਨ ਵੀ ਕੀਤਾ ਜਾਂਦਾ ਹੈ, ਜਿਸ ਵਿੱਚ ਵੱਖ-ਵੱਖ ਮੰਤਰੀਆਂ ਨੂੰ ਵੱਖ-ਵੱਖ ਮਹਿਕਮੇ ਤਕਸੀਮ ਕੀਤੇ ਜਾਂਦੇ ਹਨ। ਮੰਤਰੀ ਮੰਡਲ ਸੁਪਰੀਮ ਕੌਂਸਲ ਦੇ ਫੈਸਲਿਆਂ ਨੂੰ ਲਾਗ ਕਰਦਾ ਹੈ। ਇੱਕ 40 ਮੈਂਬਰੀ ਫੈਡਰਲ ਨੈਸ਼ਨਲ ਕੌਂਸਲ ਪੂਰੇ ਦੇਸ਼ ਦੀ ਪ੍ਰਤੀਨਿਧਤਾ ਕਰਦੀ ਹੈ। ਕੌਂਸਲ ਸਾਰੇ ਕਾਨੂੰਨਾਂ ਅਤੇ ਬਿੱਲਾਂ ਨੂੰ ਸੁਪਰੀਮ ਕੌਂਸਲ ਅਤੇ ਰਾਸ਼ਟਰਪਤੀ ਕੋਲ ਜਾਣ ਤੋਂ ਪਹਿਲਾਂ ਪ੍ਰਵਾਨਗੀ ਦਿੰਦੀ ਹੈ। ਰਿਆਸਤਾਂ ਅੰਦਰੂਨੀ ਪ੍ਰਬੰਧ ਦੀ ਦੇਖਭਾਲ ਖ਼ੁੱਦ ਕਰਦੀਆਂ ਹਨ। ਨਗਰ ਪਾਲਕਾਵਾਂ ਦਾ ਗਠਨ ਵੀ ਰਿਆਸਤ ਵੱਲੋਂ ਹੀ ਕੀਤਾ ਜਾਂਦਾ ਹੈ। ਰਿਆਸਤਾਂ ਆਰਥਿਕ ਵਿਕਾਸ ਲਈ ਨੀਤੀਆਂ ਫੈਡਰਲ ਸੰਵਿਧਾਨ ਦੇ ਚੌਖਟੇ ਵਿੱਚ ਹੀ ਬਣਾਉਂਦੀਆਂ ਹਨ।

ਆਬੂਧਾਬੀ, ਦੁੱਬਈ ਅਤੇ ਸ਼ਾਰਾਜ਼ਾਹ ਰਿਆਸਤਾਂ ਨੇ ਪਿਛਲੇ ਕੁਝ ਸਾਲਾਂ 'ਚ ਸਭ ਤੋਂ ਵੱਧ ਤਰੱਕੀ ਕੀਤੀ ਹੈ। ਅਜਿਹਾ ਨੀਤੀਆਂ ਵਿੱਚ ਨਰਮੀ ਲਿਆਉਣ ਕਾਰਨ ਵਾਪਰਿਆ ਹੈ। ਨਿਵੇਸ਼ ਨਾਲ ਸਬੰਧਿਤ ਕਾਨੂੰਨਾਂ ਵਿੱਚ ਕਾਫ਼ੀ ਢਿੱਲ ਦਿੱਤੀ ਗਈ ਹੈ। ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਪੂਰੇ ਯੂ. ਏ. ਈ. ਵਿੱਚ ਕੋਈ ਆਮਦਨ ਕਰ ਟੈਕਸ ਜਾਂ ਸੇਲ ਟੈਕਸ ਆਦਿ ਨਹੀਂ ਵਸੂਲਿਆ ਜਾਂਦਾ। ਦੇਸ਼ ਵਿੱਚ ਕੋਈ ਅਜਿਹਾ ਮਹਿਕਮਾ ਨਹੀਂ ਕਾਰੋਬਾਰੀਆਂ ਤੰਗ ਪ੍ਰੇਸ਼ਾਨ ਕਰਦਾ ਹੋਵੇ। ਇਸੇ ਤਰ੍ਹਾਂ ਵਿਦੇਸ਼ੀ ਨਿਵੇਸ਼ ਨੂੰ ਖਿੱਚਣ ਲਈ ਕਈ ਵੱਡੇ ਫਰੀ ਜ਼ੋਨ ਕਾਇਮ ਕੀਤੇ ਗਏ ਹਨ। ਫਰੀ ਜ਼ੋਨ ਨੀਤੀ ਦਾ ਹੀ ਸਿੱਟਾ ਹੈ ਕਿ ਦੁਨੀਆਂ ਭਰ ਦੀਆਂ ਵੱਡੀਆਂ ਕੰਪਨੀਆਂ ਹੁਣ ਇੱਥੇ ਕਾਰੋਬਾਰ ਕਰ ਰਹੀਆਂ ਹਨ। ਦੁਬਈ ਵੱਲੋਂ ਸਭ ਤੋਂ ਪਹਿਲਾਂ ਫਰੀ ਜ਼ੋਨ 1985 ਵਿੱਚ ਜਾਬੈਲ ਅਲੀ ਵਿਖੇ ਕਾਇਮ ਕੀਤਾ ਗਿਆ ਸੀ। ਇਸ ਨੂੰ ਵੱਡੀ ਸਫ਼ਲਤਾ ਮਿਲਣ ਪਿੱਛੋਂ ਹੋਰ ਕਈ ਖੇਤਰਾਂ ਨੂੰ ਨਿਵੇਸ਼ ਲਈ ਖੋਲ੍ਹ ਦਿੱਤਾ ਗਿਆ। ਇਸ ਸਮੇਂ ਦੁੱਬਈ ਏਅਰਪੋਰਟ ਫਰੀ ਜ਼ੋਨ, ਦੁੱਬਈ ਮੀਡੀਆ ਸਿਟੀ, ਦੁੱਬਈ ਇੰਟਰਨੈੱਟ ਸਿਟੀ, ਨੌਲੇਜ ਵਿਲੇਜ, ਦੁੱਬਈ ਇੰਟਰਨੈਸ਼ਨਲ ਫਾਇਨਾਂਸ਼ੀਅਲ ਸੈਂਟਰ, ਦੁੱਬਈ ਕਾਰਜ਼ ਐਂਡ ਆਟੋਮੈਟਿਵ ਜ਼ੋਨ ਅਤੇ ਗੋਲਡ ਐਂਡ ਡਾਇਮੰਡ ਪਾਰਕ ਇਸੇ ਹੀ ਸੰਕਲਪ ਅਧੀਨ ਕਾਰਜ ਕਰ ਰਹੇ ਹਨ। ਦੁਨੀਆਂ ਵਿੱਚ ਇਹ ਭਰਮ ਪਾਇਆ ਜਾਂਦਾ ਹੈ ਕਿ ਯੂ. ਏ. ਈ. ਦੀ ਆਰਥਿਕਤਾ ਤੇਲ ਤੋਂ ਆਮਦਨ 'ਤੇ ਹੀ ਅਧਾਰਿਤ ਹੈ ਪ੍ਰੰਤੂ ਇਹ ਸੱਚ ਨਹੀਂ ਹੈ। ਦੁਬਈ ਦੇ ਕੁੱਲ ਬਜਟ ਵਿੱਚ ਤੇਲ ਤੋਂ ਆਮਦਨ ਸਿਰਫ਼ 3 ਫੀਸਦੀ ਹੀ ਹੈ। ਦੁੱਬਈ ਦੀ ਅਸਲ ਤਾਕਤ ਦੁਨੀਆਂ ਭਰ ਵਿੱਚੋਂ ਆਉਣ ਵਾਲੇ ਸੈਲਾਨੀ ਹਨ। ਦੇਸ਼ ਵਿੱਚ ਸੈਲਾਨੀਆਂ ਨੂੰ ਖਿੱਚਣ ਲਈ ਹਰ ਤਰ੍ਹਾਂ ਦੇ ਹਾਲਾਤ ਪੈਦਾ ਕੀਤੇ ਗਏ ਹਨ। ਇੱਥੇ ਕਿਸੇ ਵੀ ਸੈਲਾਨੀ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਂਦੀ ਰਹਿਣ ਸਹਿਣ ਅਤੇ ਘੁੰਮਣ ਫਿਰਨ ਦੇ ਸੈਂਕੜੇ ਸਥਾਨ ਮੌਜੂਦ ਹਨ। ਸੈਰ-ਸਪਾਟਾ ਸਨਅੱਤ ਦੀ ਕਾਮਯਾਬੀ ਕਾਰਨ ਹੀ ਯੂ. ਏ. ਈ. ਇਸ ਸਮੇਂ ਆਰਥਿਕ ਤੌਰ 'ਤੇ ਵੱਡੇ ਦੇਸ਼ਾਂ ਨਾਲ ਮੁਕਾਬਲਾ ਕਰ ਰਿਹਾ ਹੈ।

ਪੰਜਾਬ ਵਿੱਚੋਂ ਅਰਬ ਦੇਸ਼ਾਂ ਨੂੰ ਪ੍ਰਵਾਸ 1973 ਤੋਂ ਬਾਅਦ ਸ਼ੁਰੂ ਹੋਇਆ। ਯੂ. ਏ. ਈ. ਦੀ ਸਰਕਾਰ ਨੇ ਪਹਿਲਾ ਪ੍ਰਵਾਸ ਕਾਨੂੰਨ 1973 ਵਿੱਚ ਬਣਾਇਆ ਸੀ। ਇਸ ਕਾਨੂੰਨ 'ਚ 1996 ਅਤੇ 1997 ਵਿੱਚ ਕੁਝ ਸੋਧਾਂ ਵੀ ਕੀਤੀਆਂ ਗਈਆਂ ਸਨ। ਇਸ ਕਾਨੂੰਨ ਤਹਿਤ ਗਲਫ਼ ਦੇ ਪੰਜ ਦੇਸਾਂ (ਸਾਊਦੀ ਅਰਬ, ਕਤਰ, ਬਹਿਰੀਨ ਤੇ ਕੁਵੈਤ) ਸਮੇਤ ਦੁਨੀਆਂ ਦੇ 33 ਹੋਰ ਦੇਸ਼ਾਂ ਨੂੰ ਸੈਰ ਸਪਾਟਾ ਵੀਜ਼ੇ 'ਤੇ ਛੋਟ ਦਿੱਤੀ ਗਈ ਹੈ। ਇਸ ਸੂਚੀ ਵਿੱਚ ਭਾਰਤ ਦਾ ਨਾਮ ਸ਼ਾਮਲ ਨਹੀਂ ਹੈ। ਯੂ. ਏ. ਈ. ਵਿੱਚ ਕੰਮ ਕਰਨ ਲਈ ਵੱਖਰਾ ਵੀਜ਼ਾ ਲੈਣਾ ਪੈਂਦਾ ਹੈ।

ਪੂਰੇ ਯੂ. ਏ. ਈ. ਵਿੱਚ ਸੜਕਾਂ ਅਤੇ ਪੁਲਾਂ ਦਾ ਸ਼ਾਨਦਾਰ ਜ਼ਾਲ ਵਿਛਾਇਆ ਗਿਆ ਹੈ। ਮੁੱਖ ਸੜਕਾਂ ਉਪਰ ਕਿਧਰੇ ਵੀ ਬਰੇਕ ਨਹੀਂ ਲਗਾਉਣਾ ਪੈਂਦਾ। ਸੜਕਾਂ ਉਪਰ ਕੋਈ ਪੁਲਿਸ ਨਾਕੇ ਨਹੀਂ ਹਨ, ਨਾ ਹੀ ਪੁਲਿਸ ਨੂੰ ਕਿਧਰੇ ਤਾਇਨਾਤ ਕੀਤਾ ਗਿਆ। ਸੜਕਾਂ ਦੀ ਨਿਗਰਾਨੀ ਅਤਿਆਧੁਨਿਕ ਕੈਮਰਿਆਂ ਅਤੇ ਰਾਡਾਰਾਂ ਨਾਲ ਹੁੰਦੀ ਹੈ। ਟ੍ਰੈਫਿਕ ਨਿਯਮਾਂ ਦੀ ਪਾਲਣਾ ਸਖ਼ਤੀ ਨਾਲ ਕੀਤੀ ਜਾਂਦੀ ਹੈ। ਛੋਟੀਆਂ ਮੋਟੀਆਂ ਗਲਤੀਆਂ ਲਈ ਵੀ ਵੱਡੇ ਜ਼ੁਰਮਾਨੇ ਕੀਤੇ ਜਾਂਦੇ ਹਨ। ਡਰਾਈਵਿੰਗ ਲਾਇਸੰਸ ਲਈ ਕਰੜੀ ਪ੍ਰੀਖਿਆ ਵੱਲੋਂ ਲੰਘਣਾ ਪੈਂਦਾ ਹੈ। ਸਰਕਾਰ ਨੇ ਇਸ ਕਾਰਜ ਲਈ ਕੁਝ ਡਰਾਈਵਿੰਗ ਸਕੂਲ ਖੋਲ੍ਹੇ ਹੋਏ ਹਨ ਜਿਨ੍ਹਾਂ ਤੋਂ ਸਿਖਲਾਈ ਕੋਰਸ ਪਾਸ ਕਰਨ ਪਿੱਛੋਂ ਲਾਇਸੰਸ ਮਿਲਦਾ ਹੈ। ਸਰਕਾਰ ਦੇ ਇਸ ਪ੍ਰਬੰਧ ਨਾਲ ਦੇਸ਼ ਵਿੱਚ ਹਾਦਸਿਆਂ ਦੀ ਗਿਣਤੀ ਬਹੁਤ ਘੱਟ ਹੈ। ਟ੍ਰੈਫਿਕ ਵੀ ਬੜੀ ਤੇਜ਼ੀ ਨਾਲ ਚੱਲਦਾ ਹੈ। ਗੱਡੀਆਂ ਦੀ ਆਮ ਗਤੀ 60 ਕਿਲੋਮੀਟਰ ਤੋਂ 120 ਕਿਲੋਮੀਟਰ ਤੱਕ ਹੈ। ਕੁਝ ਸੜਕਾਂ ਉਪਰ ਘੱਟ ਗਤੀ 'ਤੇ ਗੱਡੀ ਚਲਾਉਣ ਲਈ ਜ਼ੁਰਮਾਨਾ ਤੱਕ ਕੀਤਾ ਜਾਂਦਾ ਹੈ। ਟ੍ਰੈਫਿਕ ਪੁਲਿਸ ਕਿਸੇ ਨੂੰ ਵੀ ਪ੍ਰੇਸ਼ਾਨ ਨਹੀਂ ਕਰਦੀ। ਕੁਝ ਚੋਣਵੀਆਂ ਸੜਕਾਂ ਉਪਰ ਟੋਲ ਟੈਕਸ ਲਾਇਆ ਗਿਆ ਹੈ। ਟੋਲ ਟੈਕਸ ਲਈ ਵੀ ਕਿਸੇ ਗੱਡੀ ਨੂੰ ਰੋਕਿਆ ਨਹੀਂ ਜਾਂਦਾ ਸਗੋਂ ਗੱਡੀਆਂ ਨੂੰ ਟੋਲ ਟੈਕਸ ਸਟਿੱਕਰ ਪ੍ਰਦਾਨ ਕੀਤੇ ਜਾਂਦੇ ਹਨ। ਇਹ ਸਟਿੱਕਰ ਮੋਬਾਇਲ ਫੋਨ ਦੀ ਤਰ੍ਹਾਂ ਪਹਿਲਾਂ ਪੈਸੇ ਭਰ ਕੇ ਰੀਚਾਰਜ਼ ਕੀਤੇ ਜਾ ਸਕਦੇ ਹਨ। ਟ੍ਰੈਫਿਕ ਉਲੰਘਣਾ ਨਾਲ ਸਬੰਧਿਤ ਜ਼ੁਰਮਾਨੇ ਆਦਿ ਭਰਨ ਦੇ ਵੀ ਸੌਖੇ ਤਰੀਕੇ ਹਨ। ਹਾਦਸਾ ਹੋਣ ਦੀ ਸੂਰਤ ਵਿੱਚ ਟ੍ਰੈਫਿਕ ਪੁਲਿਸ ਬੇਹੱਦ ਹਲੀਮੀ ਨਾਲ ਆਪਣੀ ਡਿਊਟੀ ਕਰਦੀ ਹੈ। ਕੋਈ ਵੀ ਹਾਦਸਾਗ੍ਰਸਤ ਜਾਂ ਟੁੱਟੀ ਭੱਜੀ ਗੱਡੀ ਸੜਕ ਉਪਰ ਨਹੀਂ ਚੱਲ ਸਕਦੀ। ਗੱਡੀਆਂ ਦੀ ਟਾਈਰਾਂ ਵਿੱਚ ਥੋੜ੍ਹਾ ਮੋਟਾ ਵੀ ਕੱਟ ਵੀ ਤਾਂ ਜ਼ੁਰਮਾਨਾ ਕਰ ਦਿੱਤਾ ਜਾਂਦਾ ਹੈ। ਅਸਲ ਸਥਿਤੀ ਇਸ ਕਰਕੇ ਬਦਲੀ ਹੈ ਕਿ ਸਰਕਾਰ ਨੇ ਲੋਕਾਂ ਨੂੰ ਇਸ ਪ੍ਰਬੰਧ ਵਿੱਚ ਪੂਰੀ ਤਰ੍ਹਾਂ ਸੁਮਲਿਤ ਕਰ ਲਿਆ ਹੈ। ਕੋਈ ਵੀ ਵਿਅਕਤੀ ਜਾਣ ਬੁੱਝ ਕੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਨਹੀਂ ਕਰਦਾ। ਸਾਰੇ ਨਾਗਰਿਕ ਅਤੇ ਪ੍ਰਵਾਸੀ ਨਿਯਮਾਂ ਦਾ ਪੂਰੀ ਸ਼ਿੱਦਤ ਨਾਲ ਪਾਲਣਾ ਕਰਦੇ ਹਨ।

(ਬਾਕੀ ਅਗਲੇ ਐਤਵਾਰ)

ਆਮ ਰਾਏ ਤਿਆਰ ਕਰਦਾ ਹੈ ਮੀਡੀਆ

ਸਫ਼ਾ II ਦੀ ਬਾਕੀ

ਇਸ ਦਾ ਅੰਦਾਜ਼ਾ ਉਦੋਂ ਹੀ ਲਾਇਆ ਜਾ ਸਕਦਾ ਹੈ, ਜਦੋਂ ਅਸੀਂ ਸਮੇਂ ਦੇ ਦੋ ਬਿੰਦੂਆਂ ਨੂੰ ਹਥੇਲੀ ਉੱਤੇ ਰੱਖ ਕੇ ਦੇਖੀਏ ਕਿ ਸਾਡੇ ਬਚਪਨ ਦੀਆਂ ਉਹ ਕਿਹੜੀਆਂ ਚੀਜ਼ਾਂ ਸਨ, ਜਿਨ੍ਹਾਂ ਨੂੰ ਸਾਡੇ ਬੱਚਿਆਂ ਦੀ ਜ਼ਿੰਦਗੀ ਵਿੱਚੋਂ ਖੋਹ ਲਿਆ ਗਿਆ ਹੈ ਅਤੇ ਉਸ ਦੇ ਬਦਲੇ ਵਿੱਚ ਉਨ੍ਹਾਂ ਨੂੰ ਕੀ ਦਿੱਤਾ ਗਿਆ ਹੈ।

ਪੂੰਜੀਵਾਦੀ ਭੂ-ਮੰਡਲੀਕਰਨ ਦੇ ਯੁੱਗ ਵਿੱਚ ਨਿੱਜੀ ਮਲਕੀਅਤ ਦਾ ਮੀਡੀਆ, ਨਿੱਜੀ ਪੂੰਜੀ ਦਾ ਵਾਧਾ ਅਤੇ ਉਪਭੋਗਤਾਵਾਦੀ ਸੱਭਿਆਚਾਰ ਨੂੰ ਵਿਸਤਾਰ ਦੇਣ ਦਾ ਹੀ ਕੰਮ ਕਰ ਰਹੇ ਹਨ ਅਤੇ ਇਸ ਸਭਿਆਚਾਰ ਦੇ ਪ੍ਰਸਾਰ ਦੇ ਨਤੀਜੇ ਵਜੋਂ ਸਮਾਜ ਵਿੱਚ ਆਈ ਮਨੋਵਿਗਿਆਨਿਕ ਤਬਦੀਲੀ ਨਾਲ ਇਹ ਕਹਿਣ ਵਿੱਚ ਆਸਾਨੀ ਹੁੰਦੀ ਹੈ ਕਿ ਇਹ ਸਮੇਂ ਅਤੇ ਆਡੀਅੰਸ ਦੀ ਮੰਗ ਹੈ। ਪਰ ਇਸ ਤਰ੍ਹਾਂ ਦੇ ਵਿਚਾਰ ਪਸੰਦ ਅਤੇ ਸੱਭਿਆਚਾਰ ਅਚਾਨਕ ਬਾਵੀ ਨਹੀਂ ਹੋ ਜਾਂਦੇ। ਇਹ ਇੱਕ ਪ੍ਰਕਿਰਿਆ ਹੈ ਜਿਸ ਲਈ ਸਾਨੂੰ ਤਿਆਰ ਕੀਤਾ ਜਾਂਦਾ ਹੈ ਅਤੇ ਸਾਨੂੰ ਉਸ ਦਾ ਆਦੀ ਬਣਾ ਦਿੱਤਾ ਜਾਂਦਾ ਹੈ। ਮਨੁੱਖੀ ਇੱਛਾਵਾਂ ਨੂੰ ਜ਼ਰੂਰਤਾਂ ਵਿੱਚ ਬਦਲਣ ਦਾ ਕੰਮ ਮੀਡੀਆ ਨੇ ਇਸ ਤੌਰ ਉੱਤੇ ਕੀਤਾ ਹੈ। ਅੱਜ ਮੋਬਾਇਲ ਰੱਖਣਾ ਕਿਵੇਂ ਸਬਜ਼ੀ ਅਤੇ ਰਿਕਸ਼ੇ ਵਾਲੇ ਦੀ ਮਜ਼ਬੂਰੀ ਬਣ ਗਿਆ ਹੈ, ਕਿਉਂਕਿ ਉਸ ਦਾ ਗਾਹਕ ਜੋ ਮੱਧ ਵਰਗ ਨਾਲ ਸਬੰਧਿਤ ਹੈ ਅਤੇ ਉਹ ਇੰਨਾ ਸੁਵਿਧਾ-ਉਪਭੋਗੀ ਬਣਾ ਦਿੱਤਾ ਗਿਆ ਹੈ ਕਿ ਸਭ ਕੁੱਝ ਕੇਂਦਰੀਕ੍ਰਿਤ ਰੂਪ ਵਿੱਚ ਲੈਣਾ ਚਾਹੁੰਦਾ ਹੈ। ਅਰਥਾਤ ਘਰ ਬੈਠੇ ਬਿਠਾਏ ਅਜਿਹੀ ਸਥਿਤੀ ਵਿੱਚ ਜਿਸ ਕੋਲ ਮੋਬਾਇਲ ਨਹੀਂ ਹੈ ਉਹ ਆਪਣੇ ਰੋਜ਼ਮਰ੍ਹਾ ਦੇ ਢਾਹੇ ਦੇ ਨਾਲ ਬੇਰੁਜ਼ਗਾਰ ਹੋ ਜਾਏਗਾ। ਇਸ ਮਜ਼ਬੂਰੀ ਨੂੰ ਦੇਸ਼ ਦੇ ਆਰਥਿਕ ਵਿਕਾਸ ਨਾਲ ਨਾਪਿਆ ਜਾਂਦਾ ਹੈ, ਜਦੋਂ ਕਿ ਉਹ ਆਪਣੇ ਬੱਚਿਆਂ ਨੂੰ ਪੜ੍ਹਾਉਣੋਂ ਵੀ ਅਸਮਰੱਥ ਹੈ। ਇਸ ਤਰ੍ਹਾਂ ਵਰਤਮਾਨ ਦੌਰ ਵਿੱਚ ਮੀਡੀਆ ਦੁਆਰਾ ਸਮਾਜ ਦੇ ਮਨੋਵਿਗਿਆਨ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਜੀਵਨ ਸ਼ੈਲੀ ਵਿਕਸਿਤ ਹੋ ਚੁੱਕੀ ਹੈ ਜੋ ਲੋਕਾਂ ਨੂੰ ਉਪਭੋਗਤਾ ਬਣਨ ਲਈ ਮਜ਼ਬੂਰ ਕਰਦੀ ਹੈ। ਇਹ ਇੱਕ ਮਾਨਸਿਕ ਪਰਕਰਣ ਹੀ ਹੈ ਕਿ ਆਤਮ ਹੱਤਿਆ ਕਰਦੇ ਕਿਸਾਨ ਕਿਵੇਂ ਨਾ ਕਿਵੇਂ ਆਪਣਾ ਗੁਜ਼ਾਰਾ ਮਜ਼ਦੂਰ, ਦੇਸ਼ ਦਾ ਇੱਕ ਵੱਡਾ ਬੇਰੁਜ਼ਗਾਰ ਨੌਜੁਆਨ ਵਰਗ ਅੱਜ ਮੀਡੀਆ ਨੂੰ ਹਜ਼ਮ ਕਰ ਰਿਹਾ ਹੈ, ਜਿਸ ਵਿੱਚ ਫਿਲਮਾਂ ਤੋਂ ਲੈ ਕੇ ਸੀਰੀਅਲ ਤੱਕ ਦਿਖਾਈ ਦੇਣ ਵਾਲਾ ਉੱਚ ਵਰਗ, ਜਿਨ੍ਹਾਂ ਦੇ ਘਰਾਂ ਦੀਆਂ ਔਰਤਾਂ ਗਹਿਣਿਆਂ ਨਾਲ ਲੱਦੀਆਂ ਹੁੰਦੀਆਂ ਹਨ ਪਰ ਦੂਸਰੇ ਦਿਨ ਤਲਾਕ ਹੋ ਰਿਹਾ ਹੈ, ਹਰ ਵਿਅਕਤੀ ਕੋਲ ਇੱਕ ਸ਼ਾਨਦਾਰ ਗੱਡੀ ਹੈ। ਹਰ ਘਰ ਵਿੱਚ ਇੱਕ ਇੰਡਸਟਰੀ ਹੈ। ਚਮਕ-ਦਮਕ ਵਾਲੀਆਂ ਇਮਾਰਤਾਂ ਅੰਦਰ ਚਲ ਰਹੀਆਂ ਕਰੋੜਾਂ ਦੀਆਂ ਗੱਲਾਂ ਹਨ। ਇਹ ਮਾਨਸਿਕ ਤੌਰ 'ਤੇ ਕਿਸੇ ਵੀ ਤਰ੍ਹਾਂ ਇਨ੍ਹਾਂ ਭੌਤਿਕ ਸੁਵਿਧਾਵਾਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੀਆਂ ਹਨ, ਜਿਸ ਦੀ ਉਪਜ ਦੇ ਰੂਪ ਵਿੱਚ ਚੋਰੀ,ਡਕੈਤੀ, ਕਤਲੇਆਮ ਤੱਕ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਦੇਸ਼ ਅੰਦਰ ਬੇਰੁਜ਼ਗਾਰੀ,ਭੁੱਖ,ਮੌਤ ਅਤੇ ਵਿਵਥਾਪਣ ਦੀ ਸਮੱਸਿਆ ਨੂੰ ਚੈਨਲ ਹਾਸ-ਰਸ ਕਵੀਆਂ ਦੇ ਚੁਟਕਲਿਆਂ ਨਾਲ ਹਸਾ-ਹਸਾ ਕੇ ਦੂਰ ਕਰਨ ਦਾ ਯਤਨ ਕਰ ਰਹੇ ਹਨ। ਸ਼ਾਇਦ ਸਭ ਕੁੱਝ ਭੁੱਲਣ ਦਾ ਇਲਾਜ ਹਾਸਾ ਹੈ। ਵਰਤਮਾਨ ਵਿੱਚ ਕਮੇਡੀ ਬਾਜ਼ਾਰ ਦਾ ਉਭਾਰ ਇਸ ਗੱਲ ਦਾ ਸੰਕੇਤ ਕਰਦਾ ਹੈ ਕਿ ਆਪਣੇ ਜੀਵਨ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਲੋਕ ਆਪਣਾ ਅਸਲੀ ਹਾਸਾ ਖੋਹ ਲਏ ਜਾਣ ਤੋਂ ਬਾਅਦ ਨਕਲੀ ਬਨਾਵਟੀ ਹਾਸਾ ਪ੍ਰਾਪਤ ਹੱਸਣਾ ਚਾਹੁੰਦੇ ਹਨ।

ਫਿੱਕੀ ਦੀ 2008 ਦੀ ਸਾਲਾਨਾ ਰਿਪੋਰਟ ਅਨੁਸਾਰ ਪਿਛਲੇ ਚਾਰ ਸਾਲਾਂ ਵਿੱਚ ਭਾਰਤੀ ਮੀਡੀਆ ਨੇ ਅੱਠ ਕਰੋੜ ਸੱਠ ਹਜਾਰ ਆਡੀਅੰਸ ਦਰਸ਼ਕਾਂ-ਪਾਠਕਾਂ ਦਾ ਵਾਧਾ ਕੀਤਾ ਹੈ, ਜਿਹੜਾ ਕਿ ਆਉਣ ਵਾਲੇ ਵਰ੍ਹਿਆਂ ਵਿੱਚ ਹੋਰ ਵਧੇਗਾ। ਅਰਥਾਤ ਹੌਲੀ-ਹੌਲੀ ਮੀਡੀਆ ਇੱਕ ਵੱਡੇ ਵਰਗ ਦੀ ਪਹੁੰਚ ਵਿੱਚ ਆਉਂਦਾ ਜਾ ਰਿਹਾ ਹੈ ਪਰ ਇਹ ਪਹੁੰਚ ਲੋਕਾਂ ਦੀ ਚੇਤਨਾ ਨੂੰ ਵਿਕਸਿਤ ਕਰਨ ਦੀ ਬਜਾਏ ਉਸ ਨੂੰ ਹੋਰ ਗੁੰਮਰਾਹ ਕਰ ਰਹੀ ਹੈ। ਖ਼ਬਰੀ ਚੈਨਲਾਂ ਦੇ ਪ੍ਰਤੀ ਲੋਕਾਂ ਦੀ ਰੁਚੀ ਘਟੀ ਹੈ। ਸੀ.ਐਸ.ਡੀ.ਐਸ ਦੀ ਇੱਕ ਰਿਪੋਰਟ ਦੱਸਦੀ ਹੈ ਕਿ ਟੈਲੀਵਿਜ਼ਨ ਦਾ 26 ਪ੍ਰਤੀਸ਼ਤ'ਤੇ ਰੇਡੀਓ ਦਾ ਮਾਮੂਲੀ 15 ਪ੍ਰਤੀਸ਼ਤ ਦਰਸ਼ਕ ਹੀ ਅਜਿਹਾ ਹੈ, ਜੋ ਖਬਰਾਂ ਨਾਲ ਸਬੰਧ ਰੱਖਦਾ ਹੈ। ਇਸ ਤੋਂ ਵੀ ਮਹੱਤਵਪੂਰਣ ਸੁਆਲ ਇਹ ਉੱਠਦਾ ਹੈ ਕਿ ਖ਼ਬਰਾਂ ਨੂੰ ਦੱਖਣਾ ਜਾਂ ਸੁਣਨਾ ਕੀ ਸਿਰਫ਼ ਦਰਸ਼ਕਾਂ ਦੀ ਜਾਣਕਾਰੀ ਵਧਾਉਣ ਵਰਗਾ ਹੈ ਜਾਂ ਉਨ੍ਹਾਂ ਉੱਤੇ ਇਸ ਦਾ ਕੋਈ ਪ੍ਰਭਾਵ ਵੀ ਪੈਂਦਾ ਹੈ। ਦੇਸ਼ ਅੰਦਰ ਕਿਸਾਨਾਂ, ਮਜ਼ਦੂਰਾਂ ਅਤੇ ਨੌਜੁਆਨਾਂ ਦੀ ਬਦਹਾਲ ਹੁੰਦੀਆਂ ਸਥਿਤੀਆਂ ਕੀ ਦਰਸ਼ਕਾਂ ਨੂੰ ਪ੍ਰਭਾਵਿਤ ਨਹੀਂ ਕਰ ਰਹੀਆਂ? ਕਿਉਂਕਿ ਇਸ ਦੀ ਪ੍ਰਤੀਕਿਰਿਆ ਉਸ ਪੱਧਰ ਉੱਤੇ ਨਹੀਂ ਆ ਰਹੀ ਹੈ, ਜਿੰਨੀਆਂ ਵਿਕਟ ਸਥਿਤੀਆਂ ਹਨ ਜਾਂ ਫੇਰ ਖ਼ਬਰ ਦਾ ਚਰਿਤਰ ਹੀ ਬਦਲ ਗਿਆ ਹੈ। ਕੀ ਲਾਸਵੇਲ ਦਾ ਮੀਡੀਆ ਪ੍ਰਭਾਵ ਦਾ ਸਿਧਾਂਤ ਧੁੰਦਲਾ ਹੁੰਦਾ ਜਾ ਰਿਹਾ ਹੈ? ਇਸ਼ਤਿਹਾਰਾਂ ਅਤੇ ਖ਼ਬਰਾਂ ਦਾ ਤੁਲਨਾਤਮਿਕ ਪ੍ਰਭਾਵ ਦੇਖਿਆ ਜਾਏ ਤਾਂ ਦੋਨਾਂ ਵਿੱਚ ਆਡੀਅੰਸ ਉੱਤੇ ਪੈਣ ਵਾਲਾ ਪ੍ਰਭਾਵ ਅਲੱਗ-ਅਲੱਗ ਹੈ, ਜਿਹੜਾ ਕਿ ਇੱਕ ਪੜਤਾਲ ਦਾ ਵਿਸ਼ਾ ਹੈ।

ਮੀਡੀਆ ਨੇ ਅਕਾਦਮਿਕ ਵਿਭਾਗਾਂ ਵਿੱਚ ਇਸ ਗੱਲ ਨੂੰ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰਿਤ ਕੀਤਾ ਜਾਂਦਾ ਰਿਹਾ ਹੈ ਕਿ ਆਜ਼ਾਦੀ ਤੋਂ ਪਹਿਲਾਂ ਮੀਡੀਆ ਦੇ ਕੋਲ ਇੱਕ ਮਿਸ਼ਨ ਸੀ ਅਤੇ ਅੱਜ ਕੋਈ ਮਿਸ਼ਨ ਨਹੀਂ ਹੈ। ਅੱਜ ਮੀਡੀਆ ਕਿੱਤਾ ਬਣ ਚੁੱਕਿਆ ਹੈ। ਹਾਲਾਂਕਿ ਕਿੱਤੇ ਦਾ ਵੀ ਆਪਣਾ ਇੱਕ ਮਿਸ਼ਨ ਹੁੰਦਾ ਹੈ ਅਤੇ ਮੀਡੀਆ ਦੇ ਦ੍ਰਿਸ਼ਟੀਕੋਣ ਤੋਂ ਇਹ ਮਿਸ਼ਨ ਸਿਰਫ਼ ਮੁਨਾਫ਼ਾ ਕਮਾਉਣਾ ਹੀ ਨਹੀਂ, ਸਗੋਂ ਲੋਕਾਂ ਅੰਦਰ ਕਿੱਤੇ ਅਤੇ ਪੂੰਜੀ ਦੇ ਨਿੱਜੀ ਹਿੱਤ ਵਿੱਚ ਰਾਏ ਤਿਆਰ ਕਰਨਾ ਅਤੇ ਇਨ੍ਹਾਂ ਦੀਆਂ ਸਹਾਇਕ ਸ਼ਕਤੀਆਂ ਨੂੰ ਉਭਾਰਨਾ ਵੀ ਹੈ।

ਅਸਲ ਵਿੱਚ ਮੀਡੀਆ ਦਾ ਮਿਸ਼ਨ ਆਜ਼ਾਦੀ ਸੀ, ਇਸ ਗੱਲ ਨੂੰ ਪ੍ਰਚਾਰਿਤ ਕਰ ਕੇ ਸਾਨੂੰ ਇੱਕ ਇਹ ਵੀ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਅਸੀਂ ਆਜ਼ਾਦ ਹੋ ਚੁੱਕੇ ਹਾਂ। ਜਦੋਂ ਕਿ ਆਜ਼ਾਦੀ ਇੱਕ ਪ੍ਰਕਿਰਿਆ ਸੀ, ਜਿਸ ਨੂੰ ਅੰਗਰੇਜ਼ੀ ਸੱਤਾ ਤੋਂ ਮੁਕਤੀ ਤੋਂ ਬਾਅਦ ਅਸੀਂ ਪ੍ਰਾਪਤ ਕਰਨਾ ਸੀ, ਜਿਸ ਦੀ ਸ਼ੁਰੂਆਤ 1947 ਤੋਂ ਹੋਣੀ ਸੀ, ਪਰ ਇਹ ਸਫਲ ਰਹੀ ਅਤੇ ਅਸੀਂ ਦੇਸ਼ ਵਿੱਚ ਲੋਕਤੰਤਰ ਸਥਾਪਿਤ ਨਹੀਂ ਕਰ ਸਕੇ। ਸਥਿਤੀਆਂ ਹੋਰ ਵਿਗੜਦੀਆਂ ਗਈਆਂ। ਅੱਜ 28 ਵਿੱਚੋਂ 24 ਸੂਬੇ ਹਰ ਤਰ੍ਹਾਂ ਦੀਆਂ ਅਖੌਤੀ ਸਮੱਸਿਆਵਾਂ, ਅਲਗਾਵਾਦ, ਉਗਰਵਾਦ ਆਦਿ ਨਾਲ ਜੂਝ ਰਹੇ ਹਨ। ਇਹ ਧਿਆਨ ਦੇਣ ਦੀ ਗੱਲ ਹੈ ਕਿ 1947 ਤੋਂ ਪਹਿਲਾਂ ਜੋ ਅਖਬਾਰ ਨਿਕਲਦੇ ਸਨ, ਉਨ੍ਹਾਂ ਵਿੱਚੋਂ ਬਹੁਤੇ ਅਜਿਹੇ ਸਨ, ਜਿਨ੍ਹਾਂ ਦਾ ਉਦੇਸ਼ ਆਜ਼ਾਦੀ ਬਤੌਰ ਇੱਕ ਮਿਸ਼ਨ ਨਹੀਂ ਸੀ, ਜੋ ਅੱਜ ਤੱਕ ਪ੍ਰਚਾਰਿਤ ਕੀਤਾ ਜਾਂਦਾ ਰਿਹਾ ਹੈ। ਆਜ਼ਾਦੀ ਨੂੰ ਆਪਣਾ ਮਿਸ਼ਨ ਬਣਾਉਣ ਵਾਲੇ ਛੋਟੇ-ਛੋਟੇ ਗੁੱਟਾਂ ਦੇ ਉਹ ਮੁੱਖ ਅਖਬਾਰ ਸਨ, ਜੋ ਆਜ਼ਾਦੀ ਦੀ ਲੜਾਈ ਲੜ ਰਹੇ ਸਨ, ਜਿਨ੍ਹਾਂ ਨੂੰ ਆਪਣੀ ਰਾਜਨੀਤੀ ਨੂੰ ਆਪਣੇ ਸਮੂਹ ਦੀਆਂ ਗੱਲਾਂ ਲੋਕਾਂ ਤੱਕ ਪਹੁੰਚਾਉਣੀਆਂ ਪੈਂਦੀਆਂ ਸਨ। ਇਹ ਅਜਿਹਾ ਹੀ ਸੀ ਜਿਵੇਂ ਅੱਜ ਮੇਧਾ ਪਾਟੇਕਰ, ਸੰਦੀਪ ਪਾਂਡੇ, ਜਾਂ ਸੀ.ਐਲ.ਆਈ ਅਤੇ ਪੀ.ਡਬਲਿਊ.ਜੀ.,ਐਮ.ਸੀ.ਸੀ ਦੇ ਮੁੱਖ ਪੱਤਰ ਜੋ ਆਪਣੀ ਰਾਜਨੀਤੀ ਨੂੰ ਪ੍ਰਚਾਰਿਤ ਕਰਦੇ ਹਨ ਪਰ ਉਸ ਸਮੇਂ ਦੀ ਮੁੱਖ ਧਾਰਾ ਦੇ ਪੱਤਰਾਂ ਵਿੱਚ ਇਸ ਤਰ੍ਹਾਂ ਦਾ ਕੋਈ ਮਿਸ਼ਨ ਨਹੀਂ ਦਿਖਾਈ ਦਿੰਦਾ। ਸਟੇਟਸਮੈਨ,ਟ੍ਰਿਬਿਊਨ, ਟਾਈਮਸ ਆਫ਼ ਇੰਡੀਆ ਦੇ ਉਸ ਸਮੇਂ ਦੇ ਐਡੀਸ਼ਨ ਦੇਖੇ ਜਾ ਸਕਦੇ ਹਨ। ਅੱਜ ਵੀ ਇਹ ਮੁੱਖ ਧਾਰਾ ਦੇ ਪੱਤਰ ਹਨ। ਇੱਥੋਂ ਤੱਕ ਕਿ "ਬੰਗਾਲ ਗ਼ਜ਼ਟ" ਇਸ਼ਤਿਹਾਰ ਦਾ ਇੱਕ ਗਰੁੱਪ ਸੀ। ਇਨ੍ਹਾਂ ਪ੍ਰਸਥਿਤੀਆਂ ਦੀ ਤੁਲਨਾ ਜੇ ਅੱਜ ਨਾਲ ਕਰੀਏ ਤਾਂ ਉਹ ਪ੍ਰਸਥਿਤੀਆਂ ਥੋੜ੍ਹੇ ਬਹੁਤੇ ਬਦਲਾਵਾਂ ਨਾਲ ਅੱਜ ਵੀ ਮੌਜੂਦ ਹਨ। ਇਹ ਥੋੜ੍ਹੇ ਬਹੁਤ ਬਦਲਾਉ ਇਹ ਹਨ ਕਿ ਵਰਤਮਾਨ ਵਿੱਚ ਸੱਤਾ ਪ੍ਰਤੱਖ ਰੂਪ ਵਿੱਚ ਨਹੀਂ ਹੈ,ਪਰ ਇੱਕ ਵੱਡਾ ਵਰਗ ਆਜ਼ਾਦੀ ਦੀ ਲੜਾਈ ਅੱਜ ਵੀ ਲੜ ਰਿਹਾ ਹੈ ਅਤੇ ਉਸ ਦੁਆਰਾ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਪੱਤਰਕਾਵਾਂ ਨੂੰ ਅੱਜ ਵੀ ਬੈਨ ਕੀਤਾ ਜਾ ਰਿਹਾ ਹੈ। ਦੇਸ਼ ਅੰਦਰ ਮਾਨਵ ਅਧਿਕਾਰ, ਲੋਕਤੰਤਰ, ਅਲਗਵਾਦ ਆਦਿ ਨੂੰ ਲੈ ਕੇ ਲੜਨ ਵਾਲੇ ਸੰਗਠਨਾਂ ਅਤੇ ਸਮੂਹਾਂ ਦੇ ਮੁੱਖ ਪੱਤਰਾਂ ਅਤੇ ਉਨ੍ਹਾਂ ਨਾਲ ਜੁੜੇ ਪੱਤਰਾਂ ਦੀ ਸੰਖਿਆ ਮੁੱਖ ਧਾਰਾ ਦੇ ਸਭ ਤੋਂ ਵੱਡੇ ਖੇਤਰ ਵਿੱਚ ਫੈਲੇ ਮਾਓਵਾਦੀ ਜਨ ਅੰਦੋਲਨ ਦੀ ਪੱਤਰਕਾ "ਪੀਪਲਜ਼ ਮਾਰਚ" ਉੱਤੇ ਬੈਨ। ਉਸ ਦੇ ਸੰਪਾਦਕ ਪੀ.ਗੋਬਿੰਦਨ ਕੁੱਟੀ ਦੀ ਗ੍ਰਿਫ਼ਤਾਰੀ ਜਾਂ ਪਿਛਲੇ ਵਰ੍ਹਿਆਂ 'ਚ ਭਗਤ ਸਿੰਘ ਦੇ ਵਿਚਾਰਾਂ ਨੂੰ ਪ੍ਰਕਾਸ਼ਿਤ ਕਰਨ ਵਾਲੇ ਦਾਨਿਸ਼ ਪ੍ਰਕਾਸ਼ਨ ਉੱਤੇ ਬੈਨ ਵਰਗੇ ਕਈ ਮਾਮਲੇ ਅਭਿਵਿਅਕਤੀ ਦੀ ਆਜ਼ਾਦੀ ਉੱਤੇ ਸੁਆਲ ਖੜ੍ਹਾ ਕਰਦੇ ਹਨ।

ਮੀਡੀਆ ਦਾ ਵਿਕਾਸ ਤਕਨੀਕੀ ਵਿਕਾਸ ਦੇ ਕਾਰਣ ਸੰਭਵ ਹੋਇਆ ਹੈ। 2004 ਦੇ ਆਧਾਰ ਉੱਤੇ ਮੀਡੀਆ ਬਜਟ 80 ਕਰੋੜ ਡਾਲਰ ਤੋਂ ਵੱਧ ਕੇ 150 ਕਰੋੜ ਡਾਲਰ ਹੋ ਗਿਆ ਹੈ। ਚਾਰ ਸਾਲਾਂ ਵਿੱਚ ਇਸ ਦਾ ਦੋ ਗੁਣਾਂ ਵੱਧਣਾ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਮੀਡੀਆ ਅੰਦਰ ਨੌਕਰੀ (ਕੰਮ) ਦੀਆਂ ਅਪਾਰ ਸੰਭਾਵਨਾਵਾਂ ਮੌਜੂਦ ਹਨ। ਇਸ ਰੂਪ ਵਿੱਚ ਮੀਡੀਆ ਨੇ ਕਈ ਉਦਯੋਗਾਂ ਨੂੰ ਸਥਾਪਿਤ ਕੀਤਾ ਹੈ ਅਤੇ ਇੱਕ ਦੂਜੇ ਦੇ ਪੂਰਕ ਦੇ ਰੂਪ ਵਿੱਚ ਇਨ੍ਹਾਂ ਉਦਯੋਗਾਂ ਨੇ ਮੀਡੀਆ ਉਦਯੋਗ ਨੂੰ ਵਿਸਥਾਰ ਦਿੱਤਾ ਹੈ। ਜਿਨ੍ਹਾਂ ਵਿੱਚ ਆਇਓਡੀਨ ਨਮਕ, ਪਾਣੀ ਤੋਂ ਲੈ ਕੇ ਏਡਸ ਦੇ ਬਹਾਨੇ ਬਲੇਡ ਤੱਕ -ਤੱਕ ਦਾ ਉਦਯੋਗ ਸ਼ਾਮਿਲ ਹਨ। ਖਾਸ ਤੌਰ 'ਤੇ ਖਬਰੀ ਚੈਨਲਾਂ ਦੇ ਇਸ਼ਤਿਹਾਰਾਂ ਵਿੱਚ 2003 ਦੇ ਮੁਕਾਬਲੇ 2007 ਵਿੱਚ 50 ਪ੍ਰਤੀਸ਼ਤ ਤੋਂ ਜ਼ਿਆਦਾ ਇਸ਼ਤਿਹਾਰ 25 ਪ੍ਰਤੀਸ਼ਤ ਤੋਂ ਜ਼ਿਆਦਾ ਇਸ਼ਤਿਹਾਰ ਦੇਣ ਵਾਲਿਆਂ ਵਿੱਚ ਵਾਧਾ ਹੋਇਆ ਹੈ। ਇਸ਼ਤਿਹਾਰਾਂ ਦੁਆਰਾ ਟੀ.ਵੀ. ਚੈਨਲਾਂ ਨੇ ਜੋ ਬਾਜ਼ਾਰ ਬਣਾਇਆ ਹੈ, ਉਹ ਕੁੱਲ ਮੀਡੀਆ ਇਸ਼ਤਿਹਾਰਾਂ ਦਾ 41 ਪ੍ਰਤੀਸ਼ਤ ਹੈ, ਜੋ 4838 ਕਰੋੜ ਹੈ, ਜਦੋਂ ਕਿ ਇਸ਼ਤਿਹਾਰਾਂ ਦੇ ਮਾਮਲੇ ਵਿੱਚ ਪ੍ਰਿੰਟ ਮੀਡੀਆ ਇਸ ਤੋਂ ਵੀ ਅੱਗੇ ਹੈ। ਕੁੱਲ ਇਸ਼ਤਿਹਾਰਾਂ ਦਾ ਹਿੱਸਾ 46 ਪ੍ਰਤੀਸ਼ਤ ਅਰਥਾਤ 5423 ਕਰੋੜ ਰੁਪਏ ਦਾ ਸੀ ਅਤੇ ਇਸ਼ਤਿਹਾਰਾਂ ਦੁਆਰਾ ਮੀਡੀਆ ਨੂੰ 11600 ਕਰੋੜ ਪ੍ਰਾਪਤ ਹੁੰਦਾ ਹੈ ਅਤੇ ਮੀਡੀਆ ਉਦਯੋਗ ਵਿੱਚ ਪੂੰਜੀ ਘਰਾਣਿਆਂ ਦੀ ਲੱਗੀ ਪੂੰਜੀ ਦੇ ਅੰਸ਼ ਵਿਚਲੇ ਅੰਤਰ ਸਬੰਧਾਂ ਨੂੰ ਸਮਝਣ ਦੀ ਜ਼ਰੂਰਤ ਹੈ। ਭਾਵ ਇਹ ਸਾਰੇ ਮੁਨਾਫੇ ਕੁੱਝ ਇੱਕ ਘਰਾਣਿਆਂ ਵਿੱਚ ਕੇਂਦਰਿਤ ਪੂੰਜੀ ਦਾ ਆਪਸੀ ਖੇਲ ਹੈ। ਪੂੰਜੀ ਉਨ੍ਹਾਂ ਕੁੱਝ ਕੁ ਘਰਾਂ ਅੰਦਰ ਚੱਕਰ ਕੱਢਦੀ ਹੈ। ਉਦਾਹਰਣ ਲਈ ਅੰਬਾਨੀ ਦਾ ਮੀਡੀਆ ਦੀਆਂ 23 ਕੰਪਨੀਆਂ ਵਿੱਚ ਸ਼ੇਅਰ ਹੈ। ਟੀ.ਵੀ.ਟੂਡੇ ਵਿੱਚ 14.35 ਪ੍ਰਤੀਸ਼ਤ, ਸੀ.ਐਨ.ਬੀ.ਸੀ.ਟੀ. ਵਿੱਚ 18 ਪ੍ਰਤੀਸ਼ਤ ਅਤੇ ਆਜ ਤੱਕ ਵਿੱਚ 20 ਪ੍ਰਤੀਸ਼ਤ ਤੱਕ। ਇਸ ਦੇ ਨਾਲ ਅੰਬਾਨੀ ਗਰੁੱਪ ਨੇ 20 ਨਵੇਂ ਚੈਨਲਾਂ ਲਈ ਅਪਲਾਈ ਕੀਤਾ ਹੋਇਆ ਹੈ, ਜੋ ਹਿੰਦੀ, ਅੰਗਰੇਜ਼ੀ ਸਮੇਤ ਦੂਸਰੀਆਂ ਭਾਰਤੀ ਭਾਸ਼ਾਵਾਂ ਵਿੱਚ ਹੋਣਗੇ'ਤੇ ਸਾਰੇ ਮਨੋਰੰਜਨ ਚੈਨਲ ਹੋਣਗੇ। ਇੱਕ ਰਿਪੋਰਟ ਅਨੁਸਾਰ ਆਉਣ ਵਾਲੇ ਵਰ੍ਹਿਆਂ ਵਿੱਚ ਫਿਲਮਾਂ ਵਿੱਚ ਇੱਕ ਅਰਬ ਡਾਲਰ ਦਾ ਬਿਜ਼ਨੈਸ ਹੋਣ ਜਾ ਰਿਹਾ ਹੈ, ਜਿਸ ਵਿੱਚ 20 ਪ੍ਰਤੀਸ਼ਤ ਇਕੱਲੇ ਰਿਲਾਇੰਸ ਸਮੂਹ ਤੋਂ ਆਉਣਗੇ। ਮੀਡੀਆ ਵਿੱਚ ਇੰਨੇ ਵੱਡੇ ਸੁਆਮੀ ਦੇ ਰੂਪ ਵਿੱਚ ਰਿਲਾਇੰਸ ਸਮੂਹ ਕੰਮ ਕਰ ਰਿਹਾ ਹੈ ਅਤੇ ਇਸ ਪੂੰਜੀ ਨੂੰ ਦਰਸ਼ਕਾਂ ਕੋਲੋਂ ਭੁਨਾਇਆ ਜਾਂਦਾ ਹੈ। ਇਸ ਦਾ ਇੱਕ ਛੋਟਾ ਜਿਹਾ ਉਦਾਹਰਣ ਲੇਹ ਮੈਨ ਬ੍ਰਦਰਜ਼ ਦੀ ਰਿਪੋਰਟ ਪੇਸ਼ ਕਰਦੀ ਹੈ। ਪਿਛਲੇ ਵਰ੍ਹਿਆਂ ਵਿੱਚ ਸਿਰਫ਼ ਇੰਡੀਅਨ ਆਈਡਲ ਵਰਗੇ ਪ੍ਰੋਗਰਾਮ ਦੀ ਬਦੌਲਤ ਮਾਧਿਅਮ, ਐਗਰੀਗੇਟਰ ਅਤੇ ਮੋਬਾਇਲ ਕੰਪਨੀਆਂ ਨੇ 2300 ਕਰੋੜ ਰੁਪਏ ਦਾ ਬਿਜਨੈਸ ਕੀਤਾ ਸੀ। ਨਵੰਬਰ 2004 ਤੋਂ ਮਾਰਚ 2005 ਅਰਥਾਤ ਪੰਜ ਮਹੀਨਿਆਂ ਵਿੱਚ ਸਿਰਫ਼ ਐਸ.ਐਮ.ਐਸ ਦੁਆਰਾ 165 ਕਰੋੜ ਰੁਪਏ ਦੀ ਆਮਦਨੀ ਹੋਈ ਸੀ।

ਕੌਣ ਬਣੇਗਾ ਕਰੋੜਪਤੀ ਨੂੰ ਲੈ ਕੇ ਇੱਕ ਰਿਪੋਰਟ ਆਈ, ਜਿਸ ਵਿੱਚ ਕੇਵਲ ਐਸ.ਐਮ.ਐਸ. ਅਤੇ ਫੋਨ ਦੁਆਰਾ 65 ਕਰੋੜ ਰੁਪਏ ਦਾ ਮੁਨਾਫਾ ਮੋਬਾਇਲ ਕੰਪਨੀਆਂ ਨੂੰ ਹੋਇਆ ਅਤੇ ਚੈਨਲਾਂ ਨੂੰ ਇਸ਼ਤਿਹਾਰਾਂ ਵਿੱਚ ਇਸ ਤੋਂ ਕਈ ਗੁਣਾਂ ਜ਼ਿਆਦਾ ਲਾਭ ਹੋਇਆ। ਕੇ.ਬੀ.ਸੀ. ਦੇ ਮੁਨਾਫੇ ਨੂੰ ਦੇਖਦੇ ਹੋਏ ਚੈਨਲਾਂ ਨੇ ਕਈ ਪ੍ਰੋਗਰਾਮਾਂ ਵਿੱਚ ਇਸ ਤਰ੍ਹਾਂ ਦੇ ਪ੍ਰਯੋਗ ਕੀਤੇ। ਸਾ ਰੇ ਗਾ ਮਾ, ਛੋਟੇ ਗੁਲਾਮ ਅਲੀ ਆਦਿ। ਇਨ੍ਹਾਂ ਪ੍ਰੋਗਰਾਮਾਂ ਦੇ ਅੰਤ ਵਿੱਚ ਦਰਸ਼ਕਾਂ ਨੂੰ ਐਸ.ਐਮ. ਐੱਸ.ਰਾਹੀ ਰਾਏ ਭੇਜਣ ਦੀ ਇੱਕ ਦਰਕਾਰ ਕਰੋੜਾਂ ਦਾ ਬਿਜਨੈਸ ਖੜ੍ਹਾ ਕਰਦੀ ਹੈ। ਇਸ ਆਧਾਰ ਉੱਤੇ ਦਰਸ਼ਕਾਂ ਦੀ ਸੰਵੇਦਨਾ ਨੂੰ ਪੈਸਿਆਂ ਨਾਲ ਭੁਨਾਇਆ ਜਾਂਦਾ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਪੂੰਜੀ ਦੀ ਇਹ ਖੇਡ ਮੀਡੀਆ ਅਤੇ ਦੂਸਰੇ ਉਦਯੋਗਾਂ ਦੇ ਨਾਲ ਕਿਸ ਤਰ੍ਹਾਂ ਚਲ ਰਿਹਾ ਹੈ। ਮੀਡੀਆ ਉਦਯੋਗ ਉਹ ਏਕਾਧਿਕਾਰ ਦਾ ਵੱਧਣਾ ਸਿਰਫ਼ ਮੀਡੀਆ ਬਿਜਨੈਸ ਤੋਂ ਮੁਨਾਫਾ ਕਮਾਉਣਾ ਹੀ ਨਹੀਂ ਹੈ, ਸਗੋਂ ਰਿਲਾਇੰਸ, ਟਾਟਾ, ਏਸਰ ਵਰਗੀਆਂ ਕੰਪਨੀਆਂ ਦੁਆਰਾ ਉਦਯੋਗ ਵਿਸਤਾਰ ਦੇ ਤਹਿਤ ਹੋਏ ਵਿਸਥਾਪਨ ਤਬਾਹੀ ਪ੍ਰਤੀਰੋਧ ਦੀ ਆਵਾਜ਼ ਨੂੰ ਖਤਮ ਕਰਦਾ ਹੈ।

ਟੀ.ਵੀ. ਵਿੱਚ 1990 ਤੋਂ ਬਾਅਦ ਨਿੱਜੀ ਚੈਨਲਾਂ ਦੇ ਆਉਣ 'ਤੇ ਸਟਾਰ, ਜੀ.ਟੀ.ਵੀ., ਟੀ.ਵੀ 18 ਆਦਿ ਨੇ ਦੂਰਦਰਸ਼ਨ ਦੇ ਏਕਾਧਿਕਾਰ ਨੂੰ ਖਤਮ ਕੀਤਾ। ਜਿਸ ਨਾਲ ਭਾਰਤੀ ਦਰਸ਼ਕਾਂ ਨੂੰ ਸੰਚਾਰ ਦੀ ਦੁਨੀਆਂ ਵਿੱਚ ਇੱਕ ਬਦਲ ਮਿਲਿਆ। ਇਸ ਵਿਕਲਪ ਨੂੰ ਸਵਰੂਪ ਦੇ ਵਰਤਮਾਨ ਵਿੱਚ ਦੇਖੀਏ ਤਾਂ ਅਲੱਗ -ਅਲੱਗ ਵਿਸ਼ਿਆਂ ਉੱਤੇ ਕੇਂਦਰਤ ਚੈਨਲਾਂ ਦੀ ਅੱਜ ਦੌੜ ਲੱਗੀ ਹੋਈ ਹੈ। ਦੇਸ਼ ਵਿੱਚ ਸਿਰਫ਼ ਖਬਰੀ ਚੈਨਲਾਂ ਦੀ ਸੰਖਿਆ 40 ਤੋਂ ਜ਼ਿਆਦਾ ਹੈ ਅਤੇ ਸਥਾਨਿਕ ਪੱਧਰ ਉੱਤੇ ਉਨ੍ਹਾਂ ਦਾ ਪ੍ਰਸਾਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਦੇ ਬਾਵਜੂਦ ਚੈਨਲਾਂ ਦੇ ਵਿਸ਼ੇ ਵਸਤੂ ਵਿੱਚ ਕੋਈ ਖਾਸ ਫ਼ਰਕ ਨਹੀਂ ਦਿਖਾਈ ਪੈਂਦਾ। ਪਿਛਲੇ ਕੁੱਝ ਸਾਲਾਂ 'ਚ ਟੈਲੀਵਿਜ਼ਨ ਨੇ ਕ੍ਰਿਕਟ ਦਾ ਇੱਕ ਵੱਡਾ ਬਜ਼ਾਰ ਖੜ੍ਹਾ ਕੀਤਾ ਹੈ। 800 ਮਿਲੀਅਨ ਡਾਲਰ ਦੇ ਲਗਭਗ ਇਕੱਲੇ ਨਿੰਬਸ ਦਾ ਕ੍ਰਿਕਟ ਦਾ ਬਿਜਨੈਸ ਹੈ। ਹੁਣੇ ਜਿਹੇ ਖਬਰੀ ਚੈਨਲਾਂ ਅਤੇ ਖੇਡ ਚੈਨਲਾਂ ਨੇ ਰੈਸਲਿੰਗ ਦੇ ਬਾਜ਼ਾਰ ਨੂੰ ਭਾਰਤੀ ਮੀਡੀਆ ਬਜ਼ਾਰ ਵਿੱਚ ਉਤਾਰਿਆਂ ਹੈ, ਜੋ ਪੂਰੇ ਸਮਾਜ ਨੂੰ ਆਕਰਸ਼ਣ ਦੇ ਨਾਲ ਅਕ੍ਰਾਮਕਤਾ ਪਰੋਸ ਰਿਹਾ ਹੈ।

ਡੀ.ਟੀ.ਐਚ ਆਉਣ ਤੋਂ ਬਾਅਦ ਪੇਂਡੂ ਖੇਤਰਾਂ ਵਿੱਚ ਵੀ ਦੂਰਦਰਸ਼ਨ ਦਾ ਏਕਾਧਿਕਾਰ ਖਤਮ ਹੋ ਰਿਹਾ ਹੈ। ਵਰਤਮਾਨ ਵਿੱਚ ਡੀ.ਟੀ.ਐਚ. ਦੇ ਪੰਜ ਮਿਲੀਅਨ ਉਪਭੋਗਤਾਵਾਂ ਦੀ ਤਾਦਾਦ ਕਾਫ਼ੀ ਹੈ। ਡੀ.ਟੀ.ਐਚ. ਦੇ ਤਹਿਤ ਅਧਿਆਤਮਿਕ ਚੈਨਲਾਂ ਨੂੰ " ਫਰੀ ਟੂ ਏਅਰ" ਰੱਖਿਆ ਗਿਆ ਹੈ। ਆਧਿਆਤਮ ਚੈਨਲਾਂ ਨੂੰ " ਫਰੀ ਟੂ ਏਅਰ" ਰੱਖਣ ਦੇ ਪਿੱਛੇ ਕੀ ਕਾਰਨ ਹੋ ਸਕਦੇ ਹਨ? ਇਹੋ ਕਿ ਸਾਧੂ ਸੰਤਾਂ ਦੇ ਨਾਂ ਗੌਰਵਾਨਵਿਤ ਹੁੰਦੇ, ਇਸ ਦੇਸ਼ ਵਿੱਚ ਬਾਬਿਆਂ ਦਾ ਵਪਾਰ ਚਲਦਾ ਰਹੇ ਅਤੇ ਹਜ਼ਾਰਾਂ ਵਰ੍ਹਿਆਂ ਤੋਂ ਚਲੇ ਆ ਰਹੇ ਰੂੜ੍ਹੀਵਾਦੀ ਸਮਾਜ ਨੂੰ ਹੋਰ ਮਾਨਤਾ ਮਿਲੇ। ਇਹ ਚੈਨਲ ਜ਼ਿਆਦਾਤਰ ਹਿੰਦੂਆਂ ਦੇ ਅਧਿਆਤਮਿਕ ਸੰਸਕਾਰਾਂ ਨਾਲ ਜੁੜੇ ਹੋਏ ਹਨ ਅਤੇ ਹਿੰਦੂ ਕੱਟੜਪੰਥੀ ਤਾਕਤਾਂ ਲਈ ਆਧਾਰਭੂਮੀ ਬਣਾਉਣ ਦਾ ਕੰਮ ਕਰਦੇ ਹਨ। ਕਿਉਂਕਿ ਆਸਥਾ-ਵਿਸ਼ਵਾਸ਼ ਇੱਕ ਅਜਿਹਾ ਉੱਦਮ ਹੈ, ਜਿੱਥੇ ਤਰਕ ਅਤੇ ਸਵਾਲਾਂ ਲਈ ਕੋਈ ਥਾਂ ਨਹੀਂ। ਅੱਜ ਇਹ ਸਥਿਤੀਆਂ ਸਾਨੂੰ ਕਿੱਥੇ ਲੈ ਜਾਣਗੀਆਂ? ਇਹ ਸਵੀਕਾਰ ਕਰਨਾ ਮੁਸ਼ਕਲ ਹੈ ਕਿ 90 ਦੇ ਦਹਾਕੇ ਦੇ ਸੰਪਰਦਾਇਕ ਉਭਾਰ ਵਿੱਚ ਦੂਰਦਰਸ਼ਨ ਉੱਤੇ ਦਿਖਾਏ ਗਏ ਰਮਾਇਣ ਅਤੇ ਮਹਾਂਭਾਰਤ ਦਾ ਕੋਈ ਸਹਿਯੋਗ ਨਹੀਂ ਰਿਹਾ ਹੈ, ਜਦੋਂ ਕਿ ਸੰਪਰਦਾਇਕ ਤਾਕਤਾਂ ਉਭਾਰ ਸਭ ਤੋਂ ਜ਼ਿਆਦਾ ਇਸੇ ਦੌਰ ਦੌਰਾਨ ਹੋਇਆ।

ਇਲੈਕਟ੍ਰਾਨਿਕ ਮੀਡੀਆ ਦੇ ਵਿਕਾਸ ਦੇ ਬਾਵਜੂਦ ਪ੍ਰਿੰਟ ਮੀਡੀਆ ਨੇ ਨਾ ਸਿਰਫ਼ ਆਪਣਾ ਵਜੂਦ ਕਾਇਮ ਰੱਖਿਆ ਹੈ, ਸਗੋਂ ਬਿਜ਼ਨੈਸ ਵਿੱਚ ਵੀ ਵਿਸਥਾਰ ਕੀਤਾ ਹੈ, ਚਾਹੇ ਉਹ ਪਾਠਕ ਸੰਖਿਆ ਜਾਂ ਪੂੰਜੀ ਹੋਵੇ ਸਭ ਅੰਦਰ ਵਾਧਾ ਦਰਜ਼ ਕੀਤਾ ਹੈ। 2000 ਵਿੱਚ ਪ੍ਰਾਈਮ ਵਾਟਰ ਹਾਊਸ ਕੂਪਰਸ ਦੀ ਰਿਪੋਰਟ ਦੱਸਦੀ ਹੈ ਕਿ ਪ੍ਰਿੰਟ ਮੀਡੀਆ ਦੀ ਵਿਕਾਸ ਦਰ 16 ਫੀਸਦੀ ਹੈ। ਨਾਲ ਹੀ ਅਗਲੇ ਸਾਲਾਂ ਵਿੱਚ ਇਹ ਬਿਜ਼ਨੈਸ 70 ਕਰੋੜ ਡਾਲਰ ਹੋ ਜਾਏਗਾ। ਇਸ ਵਾਧੇ ਦੇ ਪਿੱਛੇ ਕਈ ਕਾਰਣ ਰਹੇ ਹਨ। ਵੱਡੇ-ਵੱਡੇ ਅਖ਼ਬਾਰਾਂ ਨੇ ਆਪਣੇ ਖੇਤਰੀ ਸੰਸਕਰਣ ਪ੍ਰਕਾਸ਼ਿਤ ਕਰਨੇ ਸ਼ੁਰੂ ਕਰ ਦਿੱਤੇ ਹਨ, ਜਿਸ ਦੇ ਕਾਰਨ ਲੋਕ ਇਸ ਤਰਫ਼ ਖਿੱਚੇ ਗਏ ਹਨ। 2009 ਤੱਕ ਸਮਾਚਾਰ ਪੱਤਰਾਂ ਦੀ ਪ੍ਰਸਾਰ ਸੰਖਿਆ 22 ਕਰੋੜ ਤੋਂ ਉੱਪਰ ਜਾਣ ਦੀ ਉਮੀਦ ਹੈ, ਜੋ 2006 ਵਿੱਚ 19 ਕਰੋੜ ਦੇ ਆਸ-ਪਾਸ ਸੀ।

ਪਰ ਭਾਰਤੀ ਸਮਾਚਾਰ ਪੱਤਰਾਂ ਨੂੰ ਵਿਸਤਾਰ ਲਈ ਆਪਣੇ ਆਪ ਨੂੰ ਬਦਲਣ ਦੀ ਲੋੜ ਹੈ। ਸਾਰੇ ਸਮਾਚਾਰ ਪੱਤਰਾਂ ਦੇ ਵਿਸ਼ੇ ਵਸਤੂ ਤੋਂ ਲੈ ਕੇ ਆਕਾਰ ਅਤੇ ਸ਼ੈਲੀ ਲਗਭਗ ਇੱਕ ਹੀ ਤਰ੍ਹਾਂ ਦੀ ਹੈ। ਖਾਸ ਤੌਰ 'ਤੇ ਪੱਤਰਾਂ ਦੀ ਪਾਠਕੀਅਤਾਂ ਅਤੇ ਸਥਾਨ ਨੂੰ ਧਿਆਨ ਵਿੱਚ ਰੱਖਣ ਤਾਂ ਪੱਤਰਾਂ ਦੇ 19 ਕਰੋੜ ਪਾਠਕ ਵਰਗ ਵਿੱਚ 93 ਪ੍ਰਤੀਸ਼ਤ ਸ਼ਹਿਰੀ ਖੇਤਰਾਂ ਅਤੇ ਉਸ ਦੇ ਆਸ-ਪਾਸ ਦੇ ਹਨ। ਸ਼ਹਿਰੀ ਖੇਤਰਾਂ ਦੀਆਂ ਵਿਵਸਥਾਵਾਂ ਨੂੰ ਅਤੇ ਬਦਲੇ ਹੋਏ ਸੱਭਿਆਚਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਜੇ ਪੱਤਰਾਂ ਦਾ ਪਰੰਪਰਕ ਆਕਾਰ ਛੋਟਾ ਕੀਤਾ ਜਾਵੇ ਤਾਂ ਵੰਡਣ ਵਿੱਚ ਵਾਧਾ ਹੋ ਸਕਦਾ ਹੈ ਕਿਉਂਕਿ ਸਮਾਚਾਰ ਪੱਤਰ ਪਾਠਕਾਂ ਨੂੰ ਬਿਜੀ ਸਮੇਂ ਵਿੱਚ ਕਿਤੇ ਵੀ ਨਹੀਂ ਪੜ੍ਹਨ ਲਈ ਸਹੂਲੀਅਤ ਦੇਣਗੇ। ਦੁਨੀਆਂ ਭਰ ਵਿੱਚ ਅਜਿਹੇ ਕਈ ਪ੍ਰਯੋਗ ਸਫ਼ਲ ਹੋਏ ਹਨ। ਯੂਰਪ ਦੇ ਇੱਕ ਮਸ਼ਹੂਰ ਅਖ਼ਬਾਰ " ਵਾਲ ਸਟਰੀਟ" ਅਤੇ " ਦਾ ਟਾਈਮਸ" ਨੇ ਆਪਣੇ ਨੂੰ ਟੈਬਲਾਇਡ ਵਿੱਚ ਤਬਦੀਲ ਕਰ ਕੇ ਆਪਣੀ ਇਸ਼ਾਇਤ ਵਿੱਚ ਵਾਧਾ ਕੀਤਾ ਹੈ। ਭਾਰਤ ਵਿੱਚ ਮੁੰਬਈ ਤੋਂ ਪ੍ਰਕਾਸ਼ਿਤ ਹੁੰਦੇ ਮਿੱਡ ਡੇ ਨੇ ਵੀ ਆਪਣੀ ਆਕਾਰ ਨੂੰ ਬਦਲ ਆਪਣੇ ਪਾਠਕਾਂ ਦੀ ਗਿਣਤੀ ਵਧਾਈ ਹੈ। ਵੈਸੇ ਵੀ ਮਹਾਂਨਗਰਾਂ ਵਿੱਚ ਵੱਡੇ ਆਕਾਰ ਦਾ ਅਖ਼ਬਾਰ ਪੜ੍ਹਨਾ ਇੱਕ ਸਮੱਸਿਆ ਹੁੰਦੀ ਹੈ।

ਬਿਜ਼ਨੈਸ ਹੋਣ ਦੇ ਬਾਵਜੂਦ ਵੀ ਅਖ਼ਬਾਰਾਂ ਤੋਂ ਪੱਤਰਕਾਰੀ ਦੀਆਂ ਕਦਰਾਂ-ਕੀਮਤਾਂ ਨੂੰ ਬਚਾਈ ਰੱਖਣ ਦੀ ਉਮੀਦ ਕੀਤੀ ਜਾਂਦੀ ਹੈ। ਅਖ਼ਬਾਰ ਖ਼ਬਰਾਂ ਤੋਂ ਬਿਨਾਂ ਸਮਾਜ ਦੇ ਅਗਵਾਈ ਕਰਨ ਵਾਲੇ ਵਰਗ ਨੂੰ ਵਿਚਾਰਾਂ ਦੀ ਤਾਕਤ ਦਿੰਦੇ ਹਨ ਪਰ ਟਾਈਮਜ਼ ਆਫ਼ ਇੰਡੀਆ ਵਰਗੇ ਅਖ਼ਬਾਰਾਂ ਨੇ ਸੰਪਾਦਕੀ ਪੰਨੇ ਨੂੰ ਵੇਚਣਾ ਸ਼ੁਰੂ ਕਰ ਦਿੱਤਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਟਾਈਮਜ਼ ਆਪਣੇ ਬਹੁਤ ਸਾਰੇ ਇਸ਼ਤਿਹਾਰਾਂ ਦੇ ਮੁਨਾਫ਼ੇ ਨਾਲ ਚੱਲਣ ਵਾਲਾ ਅਖ਼ਬਾਰ ਹੈ, ਪਰ ਸਮਾਚਾਰ ਪੱਤਰ ਦੇ ਇਹ ਪੰਨੇ ਸਮਾਜ ਵਿੱਚ ਵਿਚਾਰ-ਵਿਮਰਸ਼ ਪੈਦਾ ਕਰਦੇ ਹਨ। ਬਰਤਾਨੀਆ ਦਾ ਡੇਲੀ ਮੇਲ ਇੱਕ ਅਨੋਖਾ ਉਦਾਹਰਣ ਹੈ, ਜੋ ਆਪਣੇ ਸੰਪਾਦਕੀ ਪੰਨੇ ਉੱਤੇ ਸਭ ਤੋਂ ਜ਼ਿਆਦਾ ਪੈਸਾ ਖਰਚ ਕਰਦਾ ਹੈ ਅਤੇ ਸੰਪਾਦਕੀ ਪੰਨੇ ਦੀ ਪਰਤਿਸ਼ਠਾ ਨੂੰ ਕਾਇਮ ਰੱਖਦੇ ਹੋਏ ਉਸ ਨੇ ਪਿਛਲੇ ਸਾਲ ਅੱਠ ਕਰੋੜ ਡਾਲਰ ਦਾ ਮੁਨਾਫ਼ਾ ਕਮਾਇਆ। ਪ੍ਰਿੰਟ ਮੀਡੀਆ ਲਈ ਸੰਪਾਦਕੀ ਪੰਨਾ ਇਸ ਲਈ ਵੀ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਸੰਚਾਰ ਦੀ ਪ੍ਰਕਿਰਿਆ ਵਿੱਚ ਤੀਜੇ ਪੱਖ ਅਰਥਾਤ ਜੋ ਇਨ੍ਹਾਂ ਪੱਤਰਾਂ ਨਾਲ ਸਿੱਧਾ ਸੰਪਰਕ ਨਹੀਂ ਰੱਖਦੇ ਉਨ੍ਹਾਂ ਨੂੰ ਅਗਵਾਈ ਕਰਨ ਵਾਲੇ ਵਰਗ ਅੰਦਰ ਵਿਚਾਰਾਂ ਦੀ ਤਾਕਤ ਦਿੰਦੇ ਹੋਏ ਮਨੋਵਿਗਿਆਨਕ ਰੂਪ ਵਿੱਚ ਪੱਖ-ਪੂਰਤੀ ਤੈਅ ਕਰਵਾਉਂਦਾ ਹੈ। ਇਸ ਆਧਾਰ ਉੱਤੇ ਸੰਚਾਰ ਜ਼ਿਆਦਾ ਸਫ਼ਲ ਹੁੰਦਾ ਹੈ। ਇਸ ਲਈ ਸੰਪਾਦਕੀ ਪੰਨੇ ਦੀ ਥਾਂ ਵੇਚਿਆ ਜਾਣਾ ਸਮਾਜ ਵਿੱਚ ਵਿਚਾਰਕ ਖਿਲਾਅ ਪੈਦਾ ਕਰ ਦੇਵੇਗਾ। ਇਸ ਤੀਜੇ ਪੱਖ ਦੇ ਰੂਪ ਵਿੱਚ 47 ਪ੍ਰਤੀਸ਼ਤ ਲੋਕ ਹਨ, ਜੋ ਕਦੇ ਵੀ ਸਮਾਚਾਰ ਪੱਤਰ ਨਹੀਂ ਪੜ੍ਹਦੇ। ਅਰਥਾਤ ਮੀਡੀਆ ਦਾ ਪ੍ਰਭਾਵ ਇਨ੍ਹਾਂ ਲੋਕਾਂ ਉੱਤੇ ਸਿੱਧੇ ਤੌਰ 'ਤੇ ਨਹੀਂ ਪੈਂਦਾ। ਸੜਕਾਂ ਉੱਤੇ ਲੱਗੇ ਹੋਰਡਿੰਗਸ ਆਪਣੇ ਕਲਾਤਮਕ ਨਿਖਾਰ ਕਰ ਕੇ ਭਾਵੇਂ ਇਨ੍ਹਾਂ ਨੂੰ ਪ੍ਰਭਾਵਿਤ ਕਰਦੇ ਹੋਣ। ਐਫ.ਆਈ.ਸੀ.ਸੀ.ਆਈ. ਦੀ ਰਿਪੋਰਟ ਮੁਤਾਬਿਕ ਭਾਰਤ ਵਿੱਚ ਪ੍ਰਿੰਟ ਮੀਡੀਆ ਦਾ ਬਾਜ਼ਾਰ 2011 ਤੱਕ 32,200 ਕਰੋੜ ਰੁਪਏ ਦਾ ਹੋਣ ਜਾ ਰਿਹਾ ਹੈ।

ਅਜਿਹੇ ਸਮੇਂ ਮੀਡੀਆ ਉੱਤੇ ਕੁੱਝ ਲੋਕਾਂ ਦਾ ਏਕਾਧਿਕਾਰ ਕਾਇਮ ਕਰਨਾ ਮੀਡੀਆ 'ਚ ਨਿੱਜੀ ਪ੍ਰਭਾਵ ਦੀ ਪ੍ਰਮੁੱਖਤਾ ਦਾ ਹੋਣਾ ਸਮਾਜਿਕ ਹਿੱਤ ਵਿੱਚ ਨਹੀਂ ਹੈ। ਹਿੰਦੀ ਵਿੱਚ ਸਿਰਫ਼ 39.9 ਪ੍ਰਤੀਸ਼ਤ ਪੱਤਰ ਹੀ ਅਜਿਹੇ ਹਨ, ਜੋ ਕਿਸੇ ਫੋਰਮ ਪਾਰਟਨਰਸ਼ਿਪ ਜਾਂ ਟ੍ਰਸਟ ਦੁਆਰਾ ਕੱਢੇ ਜਾਂਦੇ ਹਨ। ਹਿੰਦੀ ਪੱਤਰਕਾਰਤਾ ਨੂੰ ਇਸ ਨਿੱਜੀ ਮਾਲਕਾਂ ਦੀ ਮਾਨਸਿਕਤਾ ਤੋਂ ਬਾਹਰ ਕੱਢਣਾ ਹੋਵੇਗਾ ਕਿਉਂਕਿ ਇਹ ਸਿਰਫ਼ ਨਿੱਜੀ ਮਾਲਕੀ ਦਾ ਹੀ ਮਾਮਲਾ ਨਹੀਂ ਹੈ। ਇਹ ਕਿਸੇ ਸਮਾਜ ਦੀ ਆਪਣੀ ਉੱਚਤਾ ਦਾ ਕਾਇਮ ਰੱਖੇ ਜਾਣਾ ਜ਼ਰੂਰੀ ਹੈ। ਤਕਨੀਕੀ ਵਿਕਾਸ ਦੇ ਕਾਰਣ ਪੱਤਰਾਂ ਨੂੰ ਪੜ੍ਹਨ ਦੀ ਥਾਵੇਂ ਦੇਖਣ ਦੀ ਪ੍ਰਵਿਰਤੀ ਕਾਰਨ ਪੱਤਰਾਂ ਵਿੱਚ ਛੱਪਣ ਵਾਲੇ ਚਿੱਤਰ ਫੋਟੋਗ੍ਰਾਫ਼ ਅਤੇ ਰੰਗ ਹੋਰ ਵੀ ਮਹੱਤਵਪੂਰਨ ਹੋ ਜਾਂਦੇ ਹਨ। ਇਸ ਪ੍ਰਵਿਰਤੀ ਦੇ ਕਾਰਨ ਪੱਤਰਾਂ ਵਿੱਚ ਛੱਪਣ ਵਾਲੇ ਚਿੱਤਰ ਪਾਠਕਾਂ ਨੂੰ ਕਿਸੇ ਖ਼ਬਰ ਤੋਂ ਜ਼ਿਆਦਾ ਚਿੱਤਰ ਅਸਰ ਪਾਉਂਦੇ ਹਨ। ਇਉਂ ਅਖ਼ਬਾਰਾਂ ਵੱਲੋਂ ਅਲੱਗ-ਅਲੱਗ ਵਿਸ਼ਿਆਂ ਬਾਰੇ ਛੱਪਣ ਵਾਲੇ ਚਿੱਤਰ ਕਈ ਵਾਰ ਖਬਰਾਂ ਤੋਂ ਪਹਿਲਾਂ ਹੀ ਖਬਰ ਦੇ ਪ੍ਰਤੀ ਪਾਠਕਾਂ ਦੀ ਪੱਖਪੂਰਤੀ ਤੈਅ ਕਰ ਦਿੰਦੇ ਹਨ। ਇਹ ਪ੍ਰਵਿਰਤੀ ਕੁੱਝ ਵਿਸ਼ੇਸ਼ ਵਿਸ਼ਿਆਂ ਨੂੰ ਲੈ ਕੇ ਸਾਰੇ ਅਖ਼ਬਾਰਾਂ ਵਿੱਚ ਦੇਖਿਆ ਜਾ ਸਕਦਾ ਹੈ। ਖਾਸ ਤੌਰ 'ਤੇ ਅੰਦੋਲਨਾਂ ਨਾਲ ਜੁੜੀਆਂ ਖ਼ਬਰਾਂ ਮਾਓਵਾਦੀ ਜਨ ਅੰਦੋਲਨ, ਕਸ਼ਮੀਰ ਅਤੇ ਮਣੀਪੁਰ ਦੇ ਅੰਦੋਲਨਾਂ ਦੀ ਖਬਰਾਂ ਦੇ ਨਾਲ ਛੱਪਣ ਵਾਲੇ ਚਿੱਤਰਾਂ ਨੂੰ ਸਪਸ਼ਟ ਤੌਰ 'ਤੇ ਦੇਖਿਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਨੂੰ ਗ਼ਲਤ ਢੰਗ ਨਾਲ ਪ੍ਰਚਾਰਿਤ ਕੀਤਾ ਜਾਂਦਾ ਹੈ। ਨਾਲ ਹੀ ਇਸ ਦੀ ਭਾਸ਼ਾ ਅਪਣੇ ਆਪ ਵਿੱਚ ਪੁਲਿਸ ਦਾ ਪੱਖ ਪੂਰਦੀ ਦਿਖਾਈ ਦਿੰਦੀ ਹੈ। ਆਪਣੀ ਸੰਪੂਰਣਤਾ ਵਿੱਚ ਇੱਕ ਦਹਿਸ਼ਤ ਪੈਦਾ ਕਰਦੀ ਹੈ। ਐਨੀਮੇਸ਼ਨ ਨਾਲ ਬਣਾਏ ਗਏ ਕੁੱਝ ਖਾਸ ਚਿੱਤਰ ਹੁੰਦੇ ਹਨ, ਜਿਨ੍ਹਾਂ ਨੂੰ ਹਰ ਵਾਰ ਖਬਰਾਂ ਦੇ ਨਾਲ ਛਾਪਿਆ ਜਾਂਦਾ ਹੈ।

ਇਸ ਤਰ੍ਹਾਂ ਸਮਾਜ ਵਿੱਚ ਇਨ੍ਹਾਂ ਦੀ ਇੱਕ ਤਸਵੀਰ ਤਿਆਰ ਹੋ ਜਾਂਦੀ ਹੈ। ਅਜੇ ਹੁਣੇ ਜਿਹੇ ਹੀ ਟਾਈਮਸ ਆਫ਼ ਇੰਡੀਆ ਦੁਆਰਾ ਕਾਲਜ ਅਤੇ ਯੂਨੀਵਰਸਿਟੀਆਂ ਵਿੱਚ ਮਾਓਵਾਦੀ ਅੰਦੋਲਨ ਨਾਲ ਜੁੜੇ ਵਿਦਿਆਰਥੀਆਂ ਨੂੰ ਦਾਖਲੇ ਦੇ ਬਹਾਨੇ ਘੁਸਪੈਠ ਕਰਨ ਦੀ ਖਬਰਾਂ ਲਗਾਤਾਰ ਛਾਪੀਆਂ ਗਈਆਂ, ਜਿਨ੍ਹਾਂ ਵਿੱਚ ਐਨੀਮੇਟਡ ਚਿੱਤਰਾਂ ਨਾਲ ਪਿੱਠ ਉੱਤੇ ਟੰਗੀ ਬੰਦੂਕ ਦੀ ਨੋਕ ਉੱਤੇ ਪੈਨ ਨੂੰ ਦਿਖਾਇਆ ਗਿਆ। ਇੱਕ ਪਾਠਕ ਲਈ ਇਹ ਚਿੱਤਰ ਖਬਰ ਤੋਂ ਪਹਿਲਾਂ ਹੀ ਪੂਰੀ ਕਹਾਣੀ ਬਿਆਨ ਕਰ ਦਿੰਦਾ ਹੈ ਅਤੇ ਇਸ ਤਰ੍ਹਾਂ ਦੇ ਕਿਸੇ ਸਮੂਹ ਸਮਾਜਿਕ ਸੰਗਠਨ ਲਈ ਖ਼ੌਫ਼ਨਾਕ ਮਾਹੌਲ ਤਿਆਰ ਕੀਤਾ ਜਾਂਦਾ ਹੈ। ਸੰਚਾਰ ਮਾਧਿਅਮ ਅੱਜ ਅਜਿਹੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਹੌਲੀ-ਹੌਲੀ ਖਾਸ ਤੌਰ 'ਤੇ ਖਬਰਾਂ ਦੇ ਮਾਧਿਅਮਾਂ ਦੀ ਸਚਾਈ ਤੋਂ ਲੋਕਾਂ ਦਾ ਭਰੋਸਾ ਉੱਠਦਾ ਜਾ ਰਿਹਾ ਹੈ। ਅਜਿਹੇ ਸਮੇਂ ਲੋਕਾਂ ਨੇ ਸਹੀ ਖਬਰਾਂ ਜਾਨਣ ਲਈ ਦੂਸਰੇ ਮਾਧਿਅਮਾਂ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਹੈ, ਜਿਨ੍ਹਾਂ ਵਿੱਚੋਂ ਬਲਾਗ ਅਤੇ ਇੰਟਰਨੈਟ ਦੇ ਸੰਸਕਰਨ ਉੱਪਰ ਆ ਰਹੇ ਹਨ ਪਰ ਇਸ ਨੇ ਇੱਕ ਸੀਮਤ ਵਰਗ ਤੱਕ ਹੀ ਆਪਣੀ ਪਹੁੰਚ ਬਣਾਈ ਹੋਈ ਹੈ। ਮੀਡੀਆ ਨੂੰ ਚੌਥਾ ਥੰਮ ਬਣਾਈ ਰੱਖਣ ਲਈ ਇਨ੍ਹਾਂ ਨੂੰ ਆਪਣਾ ਸੁਭਾਅ ਬਦਲਣਾ ਹੋਵੇਗਾ।